# ਜੀਵਨ ਰਿਸ਼ਮਾਂ

# Jeewan Rishma जीवन रिशमां


ਅੰਕ : 79
ਸਾਲ 2020

ਅਕਤੂਬਰ-ਦਸੰਬਰ 2020

**Remembering Bhai Taru Singh on the occasion of 300th Birth Anniversary of the great martyr**







**Also Read Inside**

## WHAT DO THEY SAY ABOUT CORONA

# Glimpses of Sehaj Paath Series
# (Details Inside)



**This quarterly trilingual magazine aimed at the overall development of human personality for promoting a spiritual way of life, has been brought to you by**

ਅਧਿਆਤਮਕ ਜੀਵਨ ਦੀ ਪ੍ਰੇਰਣਾ ਲਈ ਮਨੁੱਖ ਦੇ ਸਰਬਪੱਖੀ ਵਿਕਾਸ ਹਿੱਤ
ਤ੍ਰੈ ਮਾਸਿਕ ਤ੍ਰੈਭਾਸ਼ੀ ਪੱਤ੍ਰਿਕਾ ਆਪ ਜੀ ਤਕ ਪਹੁੰਚਾਉਣ ਵਾਲੀ ਸੰਸਥਾ ਹੈ

अधयात्मिक जीवन की प्रेरणा के लिए मनुष्य के सम्पूर्ण विकास हेतु त्रै-मासिक,
त्रिभाषीय पत्रिका को आप तक पहुँचाने वाली संस्था है

## Kes Sambhal Parchar Sanstha

**51, Rani Ka Bagh,Amritsar.** Tel. 0183-2564904 / 2226635 / 2500399
**Delhi Off. V-239, Rajouri Garden, New Delhi,** Ph. : 41447461
**Mob. 098105-15174, E-mail : wahgurusjsp@gmail.com**
**: Partapsinghkalra@gmail.com**

## केस संभाल प्रचार संस्था

51 रानी का बाग, अमृतसर,
फोन : **0183-2564904, 2226635**


## ਕੇਸ ਸੰਭਾਲ ਪ੍ਰਚਾਰ ਸੰਸਥਾ

51-ਰਾਣੀ ਕਾ ਬਾਗ, ਅੰਮ੍ਰਿਤਸਰ,
ਫੋਨ 0183-2564904 / 2226635 / 2500399
ਦਿੱਲੀ ਆਫਿਸ : ਵੀ-239, ਰਾਜੌਰੀ ਗਾਰਡਨ, ਨਵੀਂ ਦਿੱਲੀ-27,
ਫੋਨ : 41447461, 9810515174

For any other information
**Visit**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ**
ਦੇਖੋ

**अधिक जानकारी के लिए**
**देखिए**








### Advisory Committee for the Magazine

1. S. Sarup Singh Alag
2. Dr. Inderjit Singh Gogoani
3. Dr. Bhupinder Singh
4. Dr. Tejinderpal Singh Walia
5. S. D.S Juneja
6. S. Bhupinder Singh Nanda
7. S. Kulwant Singh Gill
8. S. Harbhajan Singh Grover
9. S. Pritpal Singh Ahuja

SJS Pall
*Chief Editor*

# CONTENTS

## ENGLISH


(Editorial) Passing Through Corona Period 3

Don't Fear Coronavirus 7


★★★

## हिंदी


कोरोना वायरस ( कविता ) 31

उम्र की ऐसी की तैसी ( कविता ) 32

रूहानी संगीतकार एस महेंद्र 33

सिक्खी सिदक की चरम सीमा को छूने वाले 38


## ਪੰਜਾਬੀ


ਕੋਰੋਨਾ 8

ਗੁਰੂ ਨਾਨਕ-ਬਾਣੀ ਵਿਚ ਆਦਰਸ਼ ਮਨੁੱਖ ਦਾ... 11

ਬਾਬਾ ਬੰਦਾ ਸਿੰਘ ਬਹਾਦਰ ਦਾ ਸੰਘਰਸ਼ 20

ਬਹੁਪੱਖੀ ਸ਼ਖਸੀਅਤ ਪ੍ਰਿ.ਜੇ.ਐਸ. ਬਾਵਾ 26

ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ 27

ਫਕੀਰ ਏ (ਕਵਿਤਾ) 29

ਇਹ ਕੌਮ ਸ਼ਹੀਦਾਂ ਦੀ (ਕਵਿਤਾ) 30

ਲਾਕਡਾਊਨ (ਕਵਿਤਾ) 31

ਕੁਲਵੰਤ ਸਿੰਘ ਗਿੱਲ (ਆਰਟਿਸਟ) ਦੇ ਬਣਾਏ ਹੋਏ ਚਿੱਤਰ 40


★★★


### ਤ੍ਰੈ-ਮਾਸਿਕ ਮੈਗਜ਼ੀਨ ਜੀਵਨ ਰਿਸ਼ਮਾਂ ਅੰਮ੍ਰਿਤਸਰ

ਪ੍ਰਕਾਸ਼ਕ ਡਾ. ਭੁਪਿੰਦਰ ਸਿੰਘ ਦੁਆਰਾ ਪ੍ਰਿੰਟਰ ਸ੍ਰ. ਹਰਭਜਨ ਸਿੰਘ ਤੋਂ ਜੀਵਨ ਰਿਸ਼ਮਾਂ ਮੈਗਜ਼ੀਨ ਨੂੰ ਕੇਸ ਸੰਭਾਲ ਪ੍ਰਚਾਰ ਸੰਸਥਾ ਅੰਮ੍ਰਿਤਸਰ ਦੇ ਲਈ, ਜੀਵਨ ਪ੍ਰਿੰਟਰਜ਼ 312, ਈਸਟ ਮੋਹਨ ਨਗਰ, ਅੰਮ੍ਰਿਤਸਰ ਤੋਂ ਛਪਵਾ ਕੇ 51, ਰਾਣੀ ਕਾ ਬਾਗ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। ਜੀਵਨ ਰਿਸ਼ਮਾਂ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਜੀਵਨ ਰਿਸ਼ਮਾਂ ਦਾ ਇਹਨਾਂ ਵਿਚਾਰਾਂ ਦੇ ਲਈ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਸੰਪਾਦਕ : ਐਸ. ਜੇ. ਐਸ 'ਪਾਲ'



**Our advertisement rates are as under :-**

| | | |
|---|---|---|
| Back Page (Coloured) | Rs. | 8000-00 |
| Back Page (Black & White) | Rs. | 5000-00 |
| Inside Page (Coloured) | Rs. | 6000-00 |
| Inside Page (Black & White) | Rs. | 4000-00 |

For Half the page, and quarter page the rates are correspondingly half and 25%.



| Rate of Subscription | | U.S $ | Rs. |
|---|---|---|---|
| Single Copy | = | 1 | 25-00 |
| Four issues | = | 3 | 100-00 |
| Twelve issues | = | 8 | 250-00 |
| Twently five issues | = | 12 | 500-00 |

**Editorial**

# Passing Through Corona Period

You are all aware of the fact as why we have not been able to bring out the issues of this magazine during the last several months. The reason being corona pandemic, because of which not only our activities,but most of the things in the world seem to have come to a grinding halt. When this deadly disease knocked at our door,we were caught napping,as we had neither any machinery nor resources to handle this crises.The tremendous loss caused by this pandemic in different ways has been a sad tale of woes and sufferings.A large number of people shifted from one place to another. There were no proper arrangements for their stay, food and transport.Thus, a good number of these persons died on the way. It is sad that there is no data available regarding their sufferings and number of deaths. Not only this, even our corona warriors like police, doctors, media persons, *safai karamcharis* etc, who rendered useful services and for whom we were told to beat thalis ,lit candles, and shower flowers, have also died in big number without proper notice and records. There was a recent news regarding one leading doctor dying as no ventilator or room could be made available to him in time. It shows that lack of adequate medical facilities like beds, ventilators etc was one of the main reasons for large number of deaths. This kind of horrible condition should make us realize that the governments should be asked to increase the budget on health care to match our vast population and increasing new diseases. The fact is that this pandemic has pushed the whole world in such a dark tunnel the end of which is nowhere in the sight. There are talks of medicines and injections, but all these things still appear to be a far cry. After lock outs and openings, we too like others want to resort to work and as such are trying to bring out this issue to make you update about what is happening around.

So far corona is concerned we have given herein sufficient information through a useful book on the subject and certain poems written by our persons to express their fears and feelings. As per the latest information three Indian companies are making trials of medicines and vaccines For example, Dr Reddy’s has launched not only Redyx (Remdesivir), but has also tied up to manufacture CORONAVIRUS vaccine Sputnik v for India.Russia has decided to sell the vaccine to this company.An agreement between Russian Direct Investment Fund and Indian pharma giant Dr Reddy’s Laboratories to conduct phase 3 trials of the Sputnik V vaccine has raised hopes that, if all goes well, the all important shot will be available in India later this year. Subject to successful trials and our drug regulator’s approval,10 crore doses will be supplied. India is also a manufacturing partner of covishield , a vaccine developed jointly by the University of Oxford’s Jenner Institute and Astra Zeneca. British – Swedish

pharma major Astra Zeneca had to suspend global trials recently after a participant in the UK showed a serious side effect . However , Oxford has stated that there was nothing wrong with the vaccine and has resumed the trials.Despite all such efforts nothing is certain as when we shall be able to use these medicines and vaccines for treatment of this killer disease,whose virus is so hidden and dangerous that still researches on it are disclosing its various unknown features including symptoms Prayer to God is the best solace and precautions are the best treatment as on today.So,remain isolated in your houses until it is very necessary to move out, Don't forget to use handkerchief while sneezing and coughing and masks whenever out of house,particularly in public places where you are supposed to keep safe distance from others. Last but not the least is frequently hand washing with soap and water. Keep your place of work,articles of use and vehicles senatised to the extent possibles. The principle of cleanliness is Godliness must always be observed as it helps to save from other viruses like Dengu also which become active during this period of the year. The second important news of the recent past has been that of the worsening of our relations with China.It is true that now India is not weak as it was in 1962 and is ready to face any challenge of war with them,the need still is to have the best of relations with all our neighbors.All disputes need to be settled through negotiations.At the same time China being not trustworthy, we can not become complacent.We are also rightly strengthening our relations with other countries with a view to have their support when needed Other important matters are consequential to the above two crucial matters. The same relate to increasing unemployment, poverty, crimes and falling economy, health and moral and ethical values.Although the Governments are trying to deal with different problems in their own way,there is no strong opposition to make them aware as whether they are moving rightly or wrongly.Priorities are being forgotten to such an extent that news like the death of an actor and his girl friend are dominating most of the media instead of important issues relating to problems being faced by farmers, students workers and even the suffering middle class Entrepreneurs. The natural calamities like floods are also creating havoc in the absence of necessary arrangements and machinery to handle the same. Everything seems to be *RAB BHAROSE*. So again the prayer is the best solace.

Considering the prevailing circumstances, the Sanstha realized that it was not possible to organise any programs by holding gatherings. Thus like others, programs could be organized only online. The most important thing was to join in prayers for the redemption of the people from the pandemic Corona-19. So, we decided to start a *Sehaj Paath* series of Sri Guru Granth Sahib.

The first *Sehaj Paath* was started on 27th April 2020 by S. Surinder Singh at MELBOURNE in Australia. There were 15 participants in this Paath and it was done right from 7am in the morning till 9 pm for the first four days. The Bhog of the first Paath was performed on Friday 1st May at 10am. After that the Series went on with the beginning of the paath on every Monday and completion

on every Friday. At the time of writing this, 21 *Sehej Paaths* have been completed and the 22nd *Sehej Paath* is going on right from 7am in the morning to 10 p.m in the night non-stop. Presently, there are 21 participants including two in Melbourne. These Paaths were started by Surinder Singh Melbourne, Sarabjit Singh Gumtala, Surinder Jit Singh Pall, Mahinder Singh Chatwal, Surinder Singh Melbourne , M.S. Chatwal, Gurwinder Kaur, Pardaman Singh, Sarabjit Singh Gumtala, H.S. Bhatia, Pardaman Singh, Gurwinder Kaur, Surinder Singh Melbourne, Surinder Jit Singh Pall, Sarabjit Singh Gumtala, M.S. Chatwal, Surinder Singh Melbourne, Surinderjit Singh Pall, M.S. Chatwal, Gurvinder Kaur, A. S. Sachdeva, Ajit Singh Walia And Inderjit Singh Chadha respectively. The completion of these paaths (bhog) was done by Pardman Singh, H.S. Bhatia, Gurvinder Kaur, Pardaman Singh, H.S.Bhatia, M.S. Chatwal, Surinderjit Singh Pall, Gurvinder Kaur, Surinder Singh Melbourne, Surinderjit Singh Pall, M.S. Chatwal, Sarabjit Singh Gumtala, M.S. Chatwal, Pardaman Singh, H.S. Bhatia, Gurvinder Kaur, Pardaman Singh, H.S. Bhatia, Surinder Singh Melbourne, Ajit Singh Walila And Surinderjit Singh Pall respectively. The current path will be completed by Inderjit Singh Chadha on 25th September 2020. Madh Di Ardas was done upto 18th path but, when, after that we were advised that the same is not required in the course of Sehaj paath, it was decided to discontinue the same.The sewa for this ardas was mainly done by Kamaljit kaur, Harjit kaur and Sukhchain singh.

Inspired by this humble attempt many new groups of people have started such series.

Despite the the corona problem, the sanstha was able to observe Bhai Taru Singh Diwas and Bhai Gurdas Diwas. Bhai Gurdas Diwas was celebrated at Gurdwara Singh Sabha, Rajouri Garden, Delhi on 15th August, wherein Raagis and Kathawachak sang Bhai Sahib's Vaars and told the sangat about his life. Bhai Taru Singh Diwas was celebrated like every year in july, both at Delhi and Amritsar. In view of this programme and considering the fact that Bhai Sahib's 300th birth anniversary falls in oct this years many programmes planned earlier on international level have now been changed. Now the main focus is on 2 websites of the sanstha mainly dedicated to the occasions.

The first web-site had been launched in July 2020 to commemorate the 325 th martyrdom day of shaheed Bhai Taru Singh Ji. It is aimed at promoting Sikh History and teachings of the Gurus and saint poets as enshrined in Sri Guru Granth Sahib.Although, Sikh religion is now one of the major religions of the world, still most of the people do not know about their identity and achievements. Our object is to make the same known by spreading the relevant. Information and highlighting their achievements in different fields of life. Thus we shall include here those Sikh icons all over the world who have contributed considerably in their respective fields for the progress of the country of their birth and their

adoptive countries. This portal will not only enrich the people with valuable information about them, but will also inspire the coming generation of our community. Further it will have lot of useful information regarding Panthak organisations, their activities and events and moments of glorification of Sikh religion and its followers. This website wwwsikhpride.org was formally started for public access on Sunday 13th September 2020 in the course of brodcast of a popular programme "AAO BANIYA GURSIKH PYARA" on chardikla Time T.V. channel. A number of sanstha's members and associates with banners in their hands participated in this programme from their respective locations. Relevant photographes appear on back title pages.

Another Web-site is scheduled to be launched on the occasion of the 300th birth celebration of Bhai Taru Singh Ji and will be opened for public in November 2020 on the completion of 550th birth centenary celebrations of the first Guru Sahib.This will be a new experiment in the field of propagation of Sikh religion.It will have around 500 questions and answers under following categories

1. Masters and the word Divine
2. Sikh History
3. Sikh Concepts and Teachings
4. Sikh culture and Heritage
5. Sikh way of living
6. Prominent Places and Persons

There will also be provision to invite the seekers to ask any questions not covered as above online and they will be given replies by our specialists online. In the end, there will be a platform for 'Testing the knowledge' of seekers. In this category, there will be two platforms,one of 10 Questions and the second of 25 questions.The seeker will answer ten questions online and if his eight answers are correct,he will get a C ..certificate generated automatically online. He can have a print of that. Similarly,on the second platform he will have to answer 25 questions and if his 20 answers are correct, he will get a B certificate automatically generated. Questions on these platforms will be changed periodically.No body can have more than one certificate by answering the same questions.

There will be another platform which will be an annual exam to be conducted two weeks before the Parkash Purab of Sri Guru Nanak Dev Ji. In this exam only those seekers can appear who have won atleast one C Or B certificate. Those scoring 80 percent marks in this exam, having 45 objective type questions and 5 questions with descriptive answers ,will get A certificate. The first three position holders in this exam will get attractive cash prizes and books alongwith certificates . Those who will have five certificates in the relevant year in total (A, B, and C combined) will also get consolation prizes in cash and books at the time of annual results on the Parkash Purab day of Sri Guru Nanak Dev Ji every year. In addition to these websites, one song dedicated to Bhai Sahib will also be releasd on this occasion.

—Editor

# Don't Fear Coronavirus

Corona you have undoubtedly scared the whole world,
but, be not proud, we are ready to give you a fight.

Our unity and efforts will make you fly like a bird,
by God's grace, we'll defeat you with our might.

We know our fear as presently no treatment is there,
God will show us the way and make us fully aware.

Come together and give each other required moral support,
Some preventive steps are there which all of us must note.

For sneezing coughing take handkerchief to cover the mouth,
Social distancing is the need of time, avoid any crowd.

Unless necessary, don't go out, whether you live in north or south,
washing hands with soap will not let the virus be proud.

Coming from abroad, enforce for some days self isolation,
If someone else has come, not meeting him is in our interest.

Don't create panic with rumours, we have to act in cooperation.
Realize the gravity of the situation, a real time for our test.

Let us follow whatever is best advice for our health,
We are also not to become carriers for saving nation's wealth Pray for everyone,
God is there to help us all.

Many things are wrought by prayer it's firm belief of 'PALL'

S.J.S. PALL
V 239 Rajouri Garden, New Delhi 27

ਲੁਧਿਆਣੇ ਦੇ ਵਸਨੀਕ ਸ: ਰਣਜੋਧ ਸਿੰਘ ਜੀ ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਉਹ ਧਨਵਾਨ ਬਿਜਨੇਸਮੈਨ ਹਨ, ਵਿਦਿਆ ਦੇ ਪ੍ਰਸਾਰ ਲਈ ਸਕੂਲ-ਕਾਲਜ ਚਲਾਉਂਦੇ ਹਨ, ਫੋਟੋਗ੍ਰਾਫਰ, ਲੇਖਕ, ਕਲਾਕਾਰ ਤੇ ਸਾਇਕਲਿਸਟ ਦੇ ਤੌਰ 'ਤੇ ਬਹੁਤ ਪ੍ਰਸਿੱਧ ਹਨ ਤੇ ਰਾਮਗੜ੍ਹੀਆਂ ਸੰਸਥਾਵਾਂ ਵਾਲੇ ਕਈ ਤਰ੍ਹਾਂ ਦੇ ਸਮਾਜਿਕ ਤੇ ਕਲਿਆਣਕਾਰੀ ਕੰਮਾਂ ਨਾਲ ਜੁੜੇ ਹੋਏ ਹਨ। ਫੇਸਬੁਕ 'ਤੇ Social Media ਤੇ ਆਪਣੇ ਹਲਕੇ ਫੁਲਕੇ ਤੇ ਬੁਧੀ ਭਰਪੂਰ ਟੋਟਕਿਆਂ ਕਰਕੇ ਵੀ ਉਹ ਪ੍ਰਸਿੱਧ ਹਨ। ਟੋਟਕਿਆਂ ਦੀ ਮਜੇਦਾਰ ਪੁਸਤਕ ਦੇਣ ਬਾਅਦ ਹੁਣ ਕੁਛ ਦਿਨ ਪਹਿਲਾਂ ਉਨ੍ਹਾਂ ਨੇ ਕਰੋਨਾ ਸਟੋਰੀ ਨਾਂ ਦੀ ਪੁਸਤਕ ਪਾਠਕਾਂ ਦੀ ਝੋਲੀ ਪਾਈ ਹੈ। ਪੁਸਤਕ ਟੋਟਕੇ ਪੜ੍ਹ ਕੇ ਮੈਂ ਬਹੁਤ ਪ੍ਰਭਾਵਤ ਹੋਇਆ ਕਿ ਲੇਖਕ ਜਿਥੇ ਜਪੁਜੀ ਸਾਹਿਬ, ਸੁਖਮਨੀ ਸਾਹਿਬ ਤੇ ਹਰਿਮੰਦਰ ਸਾਹਿਬ, ਨਨਕਾਣਾ ਸਾਹਿਬ ਵਰਗੇ ਅਧਿਆਤਮਕ ਵਿਸ਼ਿਆਂ ਬਾਰੇ ਖ਼ੂਬਸੂਰਤ ਪੁਸਤਕਾਂ ਦੇ ਸਕਦਾ ਹੈ, ਉਨ੍ਹਾਂ ਨੇ ਉਥੇ ਹੀ ਬੜੇ ਹੀ ਸਹਿਜ ਸੁਭਾਵਕ ਢੰਗ ਨਾਲ ਟੋਟਕਿਆਂ ਦੇ ਰੂਪ ਵਿਚ ਜ਼ਿੰਦਗੀ ਦੀਆਂ ਕਈ ਬੜੀਆਂ ਡੂੰਘੀਆਂ ਗੱਲਾਂ ਸਾਡੇ ਸਨਮੁਖ ਲਿਆਂਦੀਆਂ ਹਨ। ਇਸ ਤਰ੍ਹਾਂ ਹੀ ਕਰੋਨਾ ਸਟੋਰੀ ਦੀ ਪੁਸਤਕ ਇਸ ਔਖੇ ਸਮੇਂ ਵਿਚ ਸਾਨੂੰ ਜਾਣਕਾਰੀ ਦੇਂਦੇ ਹੋਏ ਵਾਹਿਗੁਰੂ ਦੀ ਯਾਦ ਨਾਲ ਵੀ ਜੋੜਦੀ ਹੈ। ਜਿਸ ਤਰ੍ਹਾਂ ਲੇਖਕ ਨੇ ਹਰ ਮਹੀਨੇ ਇਸ ਮਹਾਂਮਾਰੀ ਦੇ ਵਧਦੇ ਹੋਏ ਸਫ਼ਰ ਦੀ ਗੱਲ ਕੀਤੀ ਹੈ, ਇੰਜ ਲੱਗਦਾ ਹੈ ਜਿਵੇਂ ਅਸੀਂ ਉਨ੍ਹਾਂ ਦੀ ਡਾਇਰੀ ਦੇ ਪੰਨਿਆਂ 'ਤੇ ਝਾਤ ਮਾਰ ਰਹੇ ਹਾਂ। ਅਸੀਂ ਇਸ ਅੰਕ ਵਿਚ ਪੁਸਤਕ ਦੇ ਸ਼ੁਰੂ ਅਤੇ ਅੰਤ ਨੂੰ ਪੇਸ਼ ਕਰਕੇ ਲੇਖਕ ਦੁਆਰਾ ਦਿੱਤੀ ਹੋਈ ਉਹ ਜਾਣਕਾਰੀ ਸਾਂਝੀ ਕਰ ਰਹੇ ਹਾਂ ਜਿਸ ਵਿਚ ਉਨ੍ਹਾਂ ਨੇ ਬਿਮਾਰੀ ਦੇ ਸ਼ੁਰੂ ਤੋਂ 15 ਅਗਸਤ ਤਕ ਦੀ ਸਥਿਤੀ ਬਿਆਨ ਕੀਤੀ ਹੈ, ਵਿਚ ਵਾਲੇ ਅਧਿਆਏ ਅਗਸਤ ਤਕ ਹਰ ਮਹੀਨੇ ਇਸ ਮਹਾਂਮਾਰੀ ਨੇ ਕੀ ਤੇ ਕਿਥੇ ਨੁਕਸਾਨ ਕੀਤਾ ਉਸ ਦਾ ਜ਼ਿਕਰ ਕਰਦੇ ਹਨ। ਪਾਠਕ ਇਸ ਛੋਟੀ ਜਿਹੀ ਪੁਸਤਕ ਨੂੰ ਆਪ ਪੜ੍ਹ ਸਕਦੇ ਹਨ। ਜੋ ਵਡਮੁੱਲੀ ਜਾਣਕਾਰੀ ਅਸੀਂ ਹੇਠਾਂ ਦੇ ਰਹੇ ਉਸ ਲਈ ਲੇਖਕ ਦੇ ਧੰਨਵਾਦੀ ਹਾਂ।

# ਕੋਰੋਨਾ

**ਰਣਜੋਧ ਸਿੰਘ**

ਕੋਰੋਨਾ, ਇਸ ਬਿਮਾਰੀ ਦੀ ਜੜ੍ਹ ਚੀਨ ਦੇ ਵੂਹਾਨ ਸ਼ਹਿਰ ਦੀ ਜਾਨਵਰ ਮੰਡੀ ਨੂੰ ਕਿਹਾ ਜਾਂਦਾ ਹੈ, ਜਿੱਥੇ ਹਰ ਰੋਜ਼ ਹੀ ਤਰ੍ਹਾਂ-ਤਰ੍ਹਾਂ ਦੇ ਲੱਖਾਂ ਹੀ ਜਾਨਵਰ ਮਰੇ ਹੋਏ ਹੀ ਨਹੀਂ ਜ਼ਿੰਦਾ ਵੀ ਖ਼ਰੀਦੇ ਵੇਚੇ ਜਾਂਦੇ ਹਨ, ਜਿਨ੍ਹਾਂ ਨੂੰ ਪਕਾ ਕੇ ਜਾਂ ਕੱਚਾ ਹੀ ਖਾ ਲਿਆ ਜਾਂਦਾ ਹੈ। ਇੱਥੇ ਮੁਰਗੇ, ਮੱਛੀ ਜਾਂ ਭੇਡ ਬੱਕਰੀਆਂ ਦਾ ਮੀਟ ਨਹੀਂ ਮਿਲਦਾ, ਬਲਕਿ ਹਰ ਤਰ੍ਹਾਂ ਦੇ ਜਾਨਵਰ ਜਿਵੇਂ ਸੂਰ, ਗਾਵਾਂ, ਮੱਝਾਂ, ਲੂੰਬੜੀਆਂ, ਕੁੱਤੇ, ਮੋਰ, ਭੇੜੀਏ ਦੇ ਬੱਚੇ, ਬੱਤਖਾਂ, ਖ਼ਰਗੋਸ਼, ਚੂਹੇ, ਹਿਰਨ, ਸੱਪ, ਮਗਰਮੱਛ, ਬਿੱਛੂ, ਕੇਕੜੇ, ਕੱਛੂ, ਊਠ, ਘੜਿਆਲ, ਗਧੇ, ਘੋੜੇ, ਇੱਲਾਂ ਅਤੇ ਚਮਗਿੱਦੜਾਂ ਦ ਮੀਟ ਵੀ ਵੇਚਿਆ ਜਾਂਦਾ ਹੈ, ਖੌਰੇ ਬੰਦੇ ਨੂੰ ਵੀ ਨਾ ਵੱਢਦੇ ਹੋਣ ! ਇਹ ਬੰਦੇ ਕਿੰਨੇ ਨਿਰਦਈ ਹਨ, ਜੋ ਜਾਨਵਰਾਂ ਤੋਂ ਹੀ ਅਗਾਂਹ ਲੰਘ ਗਏ ਹਨ। ਜਿੱਥੇ ਇਹ ਸਭ ਕੁਝ ਹੁੰਦਾ ਹੋਵੇ, ਉਥੇ ਗੰਦਗੀ ਤੇ ਬਦਬੂ ਦਾ ਵੀ ਠਿਕਾਣਾ ਨਹੀਂ। ਕੱਟਿਆ ਵੱਢਿਆ ਮਾਸ ਖਿਲਰਿਆ ਹੋਏ ਤਾਂ ਬਿਮਾਰੀ ਦੇ ਜਰਾਸੀਮ ਤਾਂ ਪੈਦਾ ਹੋਣੇ ਹੀ ਹੋਏ ਨਾ ! ਉਸ ਜਰਾਸੀਮ ਨੂੰ ਨਾਮ ਦਿੱਤਾ ਗਿਆ ਹੈ ਕੋਰੋਨਾ।

ਕੋਰੋਨਾ ਦਾ ਅੱਖਰੀ ਅਰਥ ਹੁੰਦਾ ਹੈ, ਤਾਜ ! ਕਰਾਊਨ !! ਸਾਇੰਸਦਾਨ ਕਹਿੰਦੇ ਹਨ ਕਿ ਜਦੋਂ ਮਾਈਕਰੋਸਕੋਪ ਨਾਲ ਇਹਨਾਂ ਨੂੰ ਵੇਖਦੇ ਹਾਂ ਤਾਂ ਤਾਜ ਵਰਗਾ ਆਕਾਰ ਹੁੰਦਾ ਹੈ। ਲਓ ਜੀ, ਹੁਣ ਜਿਸ ਬਿਮਾਰੀ ਨੇ ਤਾਜ ਪਹਿਨਿਆ ਹੋਵੇ, ਉਹਨੇ ਤਾਂ ਪੂਰੇ ਵਿਸ਼ਵ 'ਤੇ ਰਾਜ ਕਰਨਾ ਹੀ ਹੈ। ਭੁਗਤੋ ਹੁਣ।

ਦੋਸਤੋ, ਇਹ ਧਰਤੀ ਸਿਰਫ਼ ਇਨਸਾਨ ਲਈ ਹੀ ਨਹੀਂ ਬਣੀ। ਇਸ ਉਤੇ ਜਾਨਵਰਾਂ ਦਾ ਵੀ ਬਰਾਬਰ ਦਾ ਪੂਰਾ ਹੱਕ ਹੈ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਅਤੇ ਸੰਤੁਲਨ ਬਣਾ ਕੇ ਰੱਖਣਾ ਚਾਹੀਦਾ ਹੈ, ਕੁਦਰਤ ਦੇ ਨੇਮ ਨਾਲ ਛੇੜ-ਛਾੜ ਨਹੀਂ ਕਰਨੀ ਚਾਹੀਦੀ। ਇਹ ਦੱਸੋ ਕਿ ਆਲੂ ਪਿਆਜ ਤੇ ਹੋਰ ਸਬਜ਼ੀਆਂ ਮੁੱਕ ਗਈਆਂ ਕਿ ਸਾਨੂੰ ਗਧੇ ਤੱਕ ਖਾਣੇ ਪੈਣ ? ਜੇ ਇਹ ਸਭ ਕੁੱਝ ਖਾਵਾਂਗੇ ਤਾਂ ਫੇਰ ਪਸ਼ੂ ਬਿਰਤੀ ਹੀ ਪ੍ਰਵੇਸ਼ ਕਰੇਗੀ। ਗੁਰਬਾਣੀ ਦਾ ਕਥਨ ਹੈ :

***ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥***
***ਜਿਤੁ ਖਾਧੈ ਤਨੁ ਪੀੜੀਐ***
***ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ (ਅੰਗ ੧੬)***

30 ਦਸੰਬਰ 2019 ਨੂੰ ਚੀਨ ਦੇ ਡਾਕਟਰ ਲੀ ਵੇਨਲੀਆਂਗ ਨੇ (ਵੀ-ਚੈਟ) ਤੇ ਪਹਿਲੀ ਵਾਰ ਇਸ ਬਿਮਾਰੀ ਦੀ ਭਿਆਨਕਤਾ ਦਾ ਖ਼ੁਲਾਸਾ ਕੀਤਾ ਸੀ। ਇਹ ਖ਼ਬਰ ਹਰ ਥਾਂ ਵਾਇਰਲ ਹੋ ਗਈ ਅਤੇ ਸੱਚੀ ਅਫ਼ਵਾਹ ਨੂੰ ਫੈਲਾਉਣ ਦੇ ਜ਼ੁਰਮ ਵਿੱਚ ਡਾ. ਲੀ. ਨੂੰ ਜਨਤਕ ਮੁਆਫ਼ੀ ਮੰਗਣ ਲਈ ਮਜ਼ਬੂਰ ਕੀਤਾ ਗਿਆ। ਇਸ ਦੇ ਬਾਵਜੂਦ ਡਾ. ਲੀ ਲਗਾਤਾਰ ਇਸ ਬਿਮਾਰੀ ਨਾਲ ਪੀੜ੍ਹਤ ਲੋਕਾਂ ਦਾ ਇਲਾਜ ਕਰਦੇ ਕਰਦੇ ਖ਼ੁਦ ਵੀ ਇਸ ਨਾ-ਮੁਰਾਦ ਬਿਮਾਰੀ ਦਾ 7 ਫਰਵਰੀ 2020 ਨੂੰ ਸ਼ਿਕਾਰ ਹੋ ਗਏ। ਉਸ ਵਕਤ ਉਨ੍ਹਾਂ ਦੀ ਉਮਰ ਕੇਵਲ 34 ਸਾਲ ਸੀ।

ਇਸ ਵੇਲੇ ਦੁਨੀਆਂ ਭਰ ਦੇ 192 ਮੁਲਕਾਂ ਵਿਚ ਡਾਕਟਰਾਂ ਅਤੇ ਨਰਸਾਂ ਵੱਲੋਂ ਦਿਨ-ਰਾਤ ਇਸ ਬਿਮਾਰੀ ਦੇ ਖਿਲਾਫ਼ ਜੰਗ ਛੇੜੀ ਹੋਈ ਹੈ। ਕੁੱਝ ਡਾਕਟਰ ਅਤੇ ਸਿਹਤ ਕਰਮੀ ਵੀ ਆਪਣੀ ਜਾਨ ਗੁਆ ਚੁੱਕੇ ਹਨ।

ਅੱਗੇ ਕੀ ਹੁੰਦਾ ਹੈ? ਕਿਸ ਰੂਪ ਵਿੱਚ ਇਹ ਸੰਸਾਰ ਨੂੰ ਜਕੜਦੀ ਹੈ? ਇਹ ਸਮਾਂ ਹੀ ਦੱਸੇਗਾ।

ਸਾਡੀ ਭਾਸ਼ਾ ਵਿੱਚ ਇੱਕ ਨਵਾਂ ਸ਼ਬਦ ਆ ਗਿਆ- ਕੋਰੋਨਾ। ਬੜਾ ਭੈੜਾ ਸ਼ਬਦ ਹੈ, ਚੀਨ ਤੋਂ ਆਇਆ ਹੈ, ਬਹੁਤ ਦੁੱਖ ਲੈ ਕੇ ਆਇਆ ਹੈ। ਪੂਰੇ ਸੰਸਾਰ ਨੂੰ 'ਲੌਕਡਾਊਨ' ਕਰ ਦਿੱਤਾ ਹੈ।

ਦਸੰਬਰ 2019 ਵਿੱਚ ਚੀਨ ਦੇ ਸ਼ਹਿਰ ਵੂਹਾਨ ਤੋਂ ਇਸ ਵਾਇਰਸ ਵਾਲੀ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ ਅਤੇ ਕੁੱਝ ਹੀ ਦਿਨਾਂ ਵਿੱਚ ਚੀਨ ਦੇ 'ਹੂਯਾਬਾਏ' ਸੂਬੇ ਵਿੱਚ ਜਨਜੀਵਨ ਰੋਕ ਦਿੰਦੀ ਹੈ, ਸਾਰੇ ਭੈ-ਭੀਤ ਹੋ ਜਾਂਦੇ ਹਨ। ਖੰਘ, ਬੁਖ਼ਾਰ, ਗਲਘੋਟੂ ਤੇ ਸਾਹ ਦੀ ਤਕਲੀਫ਼ ਜਾਨ ਲੇਵਾ ਹੋ ਲੱਗ ਪੈਂਦੀ ਹੈ। ਇਕ ਦੂਜੇ ਤੋਂ ਹੋਣ ਵਾਲੀ ਬਿਮਾਰੀ ਸਾਰੇ ਪ੍ਰਾਂਤ ਨੂੰ ਲਪੇਟ ਲੈਂਦੀ ਹੈ, ਫੇਰ ਪੂਰੇ ਮੁਲਕ ਨੂੰ ਚਿੰਬੜ ਜਾਂਦੀ ਹੈ। ਉਦੋਂ ਤੱਕ ਅਸੀਂ ਸਾਰੇ ਥੋੜ੍ਹੀ ਤਸੱਲੀ 'ਚ ਸਾਂ ਕਿ ਇਹ ਫੇਰ ਜਾਨਵਰ ਕਿਉਂ ਨਹੀਂ ਮਰ ਰਹੇ ? ਕੀ ਇਹ ਬਿਮਾਰੀ ਇਨਸਾਨਾਂ ਦੀ ਕਾਢ ਤਾਂ ਨਹੀਂ ?

ਹੌਲੀ-ਹੌਲੀ ਚੀਨੀ ਲੋਕ ਮਰਨ ਲੱਗ ਪਏ, ਹਸਪਤਾਲ ਭਰ ਗਏ, ਆਰਜੀ ਹਸਪਤਾਲ ਬਣਾਉਣੇ ਪੈ ਗਏ, ਪੂਰੇ ਸ਼ਹਿਰ ਨੂੰ ਸੀਲ ਕਰ ਦਿੱਤਾ ਗਿਆ।

ਚੀਨ ਤੋਂ ਹਰ ਰੋਜ਼ ਬੁਰੀਆਂ ਖ਼ਬਰਾਂ ਆਉਣ ਲੱਗੀਆਂ। ਉਥੋਂ ਦੇ ਕਾਰਖਾਨੇ ਬੰਦ ਹੋ ਗਏ। ਹਵਾਈ ਉਡਾਨਾਂ ਰੱਦ ਹੋਣ ਲੱਗ ਪਈਆਂ। ਹਰ ਰੋਜ਼ ਕੋਰੋਨਾ ਪੀੜ੍ਹਤਾਂ ਦੀ ਗਿਣਤੀ ਵੱਧਣੀ ਸ਼ੁਰੂ ਹੋ ਗਈ। ਕੁਝ ਲੋਕਾਂ ਦਾ ਕਹਿਣਾ ਸੀ ਕਿ ਇਹ ਵੂਹਾਨ ਦੀ ਪਸ਼ੂ ਮੰਡੀ ਤੋਂ ਪਸ਼ੂਆਂ ਰਾਹੀਂ ਵਾਇਰਸ ਆਇਆ ਹੈ ਅਤੇ ਉਥੋਂ ਦੇ ਇਕ ਵਪਾਰੀ ਵਿੱਚ ਇਸ ਦੀਆਂ ਅਲਾਮਤਾਂ ਸਭ ਤੋਂ ਪਹਿਲਾਂ ਨਜ਼ਰ ਆਈਆਂ ਸਨ। ਫੇਰ ਮੌਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਹ ਮਹਾਂਮਾਰੀ ਦੀ ਸ਼ਕਲ ਇਖ਼ਤਿਆਰ ਕਰ ਰਿਹਾ ਸੀ। ਲੋਕਾਂ ਨੂੰ ਘਰਾਂ ਵਿੱਚ ਡੱਕ ਦਿੱਤਾ ਗਿਆ, ਮੂੰਹ 'ਤੇ ਨਕਾਬ ਤੇ ਹੱਥਾਂ ਵਿੱਚ ਦਸਤਾਨੇ, ਸੰਨਾਟਾ ਛਾ ਗਿਆ ਹਰ ਪਾਸੇ। ਕੁੱਝ ਮੁਲਕਾਂ ਨੇ ਸੋਚਿਆ ਕਿ ਹੁਣ ਚੀਨ ਡੁੱਬ ਜਾਏਗਾ, ਉਥੇ ਵਪਾਰ ਮੁੱਕ ਜਾਏਗਾ ਤੇ ਹੋਰਨਾਂ ਮੁਲਕਾਂ ਵਿੱਚ ਕਾਰੋਬਾਰ ਵਧੇਗਾ। ਉਹ ਅੰਦਰੋਂ ਅੰਦਰੀਂ ਖ਼ੁਸ਼ ਨਜ਼ਰ ਆ ਰਹੇ ਸਨ, ਪਰ ਉਪਰੋਂ ਚਿੰਤਿਤ ਮਹਿਸੂਸ ਕਰ ਰਹੇ ਸਨ। 24 ਜਨਵਰੀ ਨੂੰ ਮੈਂ ਕਾਲਜ ਦੇ ਇਕ ਸੈਮੀਨਾਰ ਵਿੱਚ ਕਿਹਾ ਸੀ ਕਿ ਚੀਨ ਵਿੱਚ ਕੋਰੋਨਾ ਨਾਲ ਚੀਨੀ ਨਹੀਂ, ਸਗੋਂ ਮਨੁੱਖ ਮਰ ਰਹੇ ਹਨ ਅਤੇ ਸਾਨੂੰ ਸਾਰਿਆਂ ਨੂੰ ਉਹਨਾਂ ਲਈ ਅਰਦਾਸ ਕਰਨੀ ਚਾਹੀਦੀ ਹੈ। ਉਸ ਦਿਨ ਮੈਂ ਭਾਵੁਕ ਹੋ ਗਿਆ ਸੀ ਕਿ ਜਦੋਂ ਕਿਸੇ ਹੋਰ 'ਤੇ ਬਿਪਤਾ ਆਉਂਦੀ ਹੈ ਤਾਂ ਅਸੀਂ ਲਾਪਰਵਾਹ ਹੋ ਜਾਂਦੇ ਹਾਂ ਅਤੇ ਉਸ ਦਾ ਮਜ਼ਾਕ ਉਡਾਉਣ ਲੱਗ ਪੈਂਦੇ ਹਾਂ। ਕਈ ਵਾਰ ਇਸ ਤਰ੍ਹਾਂ ਦਾ ਮਜ਼ਾਕ ਸਾਰਿਆਂ ਲਈ ਭਾਰਾ ਪੈ ਲੱਗ ਜਾਂਦਾ ਹੈ। ਅੱਜ ਪੂਰਾ ਵਿਸ਼ਵ ਹੀ ਕੋਰੋਨਾ ਦੀ ਲਪੇਟ ਵਿੱਚ ਆ ਚੁੱਕਾ ਹੈ।

ਚੀਨ ਵਿੱਚ 80 ਹਜ਼ਾਰ ਤੋਂ ਉਪਰ ਲੋਕਾਂ ਦੇ ਪ੍ਰਭਾਵਿਤ ਹੋਣ ਤੋਂ ਬਾਅਦ ਕੋਰੋਨਾ ਦਾ ਵਾਰ ਦੱਖਣੀ ਕੋਰੀਆ ਅਤੇ ਹਾਂਗਕਾਂਗ ਵਿੱਚ ਪੈਣ ਲੱਗ ਪਿਆ। ਕਹਿੰਦੇ ਨੇ ਕਿ ਪਹਿਲੇ 67 ਦਿਨਾਂ ਵਿੱਚ ਇਕ ਲੱਖ ਬੰਦਿਆਂ ਨੂੰ ਹੋ ਗਿਆ, ਅਗਲੇ 11 ਦਿਨਾਂ ਵਿੱਚ ਅੰਕੜੇ ਦੁੱਗਣੇ ਹੋ ਗਏ। ਅਗਲੇ 5 ਦਿਨਾਂ ਵਿੱਚ ਇਕ ਮੁਲਕ ਤੋਂ ਸ਼ੁਰੂ ਹੋ ਕੇ 160 ਮੁਲਕਾਂ ਤੱਕ ਕੋਰੋਨਾ ਮਾਰ ਕਰ ਚੁੱਕਾ ਹੈ। ਮਰਨ ਵਾਲਿਆਂ ਦੀ ਗਿਣਤੀ 19000 ਤੋਂ ਉੱਪਰ ਹੋ ਗਈ ਹੈ ਅਤੇ ਭਾਰਤ ਵਿੱਚ ਤੀਸਰੇ ਦਿਨ 'ਲੌਕਡਾਊਨ' ਚੱਲ ਰਿਹਾ ਹੈ। ਇਸ ਤੋਂ ਪਹਿਲਾਂ 20 ਮਾਰਚ ਨੂੰ ਸਾਰੇ ਸਕੂਲ ਕਾਲਜ ਬੰਦ ਕਰ ਦਿੱਤੇ ਗਏ ਸੀ।

## ਪਿਛੋਕੜ

ਫਰਵਰੀ ਵਿੱਚ ਕੋਰੋਨਾ ਨੇ ਯੂਰਪੀਅਨ ਮੁਲਕਾਂ

ਵਿੱਚ ਦਸਤਕ ਦਿੱਤੀ। ਲੱਗਦਾ ਸੀ ਕਿ ਯੂਰਪ ਬਹੁਤ ਸਾਫ਼ ਸੁਥਰਾ ਹੈ, ਉਥੇ ਕੋਰੋਨਾ ਨਹੀਂ ਫੈਲੇਗਾ, ਪਰ ਇਟਲੀ ਦੇ ਅੰਕੜਿਆਂ ਨੇ ਸਭ ਨੂੰ ਹੈਰਾਨ ਹੀ ਕਰ ਦਿੱਤਾ। ਮਿਲਾਨ ਦੇ ਕੋਲ ਲੋਮਬਾਰਡੀ ਦੇ ਪਿੰਡਾਂ ਵਿੱਚ ਕੋਰੋਨਾ ਦੀਆਂ ਝਲਕੀਆਂ ਨਜ਼ਰ ਆਉਣ ਲੱਗੀਆਂ ਅਤੇ ਬੜੀ ਤੇਜ਼ੀ ਨਾਲ ਉਸ ਇਲਾਕੇ ਵਿੱਚ ਮਾਰ ਸ਼ੁਰੂ ਹੋ ਗਈ। ਪਹਿਲੀਆਂ ਮੌਤਾਂ ਵੱਡੀ ਉਮਰ ਦੇ ਲੋਕਾਂ ਦੀਆਂ ਹੋ ਰਹੀਆਂ ਸੀ 70 ਸਾਲ ਤੋਂ ਉਪਰ। ਕਹਿੰਦੇ ਇਟਲੀ ਨੇ ਥੋੜ੍ਹੀ ਦੇਰ ਕਰ ਦਿੱਤੀ, ਸਭ ਕੁੱਝ ਕਾਬੂ ਕਰਨ ਵਿੱਚ। ਨਤੀਜੇ ਵਜੋਂ ਮਰਨ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ। ਸਭ ਕੁੱਝ ਬੰਦ ਹੋ ਗਿਆ। ਜ਼ਿੰਦਗੀ ਰੁੱਕ ਗਈ, ਮੌਤ ਚਾਲੂ ਹੋ ਗਈ। ਫਰਵਰੀ ਤੇ ਅੰਤ ਤੱਕ ਹਜ਼ਾਰ ਕੁ ਬੰਦਾ ਪ੍ਰਭਾਵਤ ਹੋਇਆ ਤੇ ਕੁੱਝ ਮੌਤਾਂ ਹੋ ਗਈਆਂ ਅਤੇ ਹੋਰਨਾਂ ਮੁਲਕਾਂ 'ਤੇ ਅਸਰ ਸ਼ੁਰੂ ਹੋ ਗਿਆ।

## ਅੰਤਕਾ

ਅੱਜ 15 ਅਗਸਤ ਹੈ, ਭਾਰਤ ਦੀ ਆਜ਼ਾਦੀ ਵਾਲਾ ਦਿਨ ! ਪਰ 2020 ਕੋਰੋਨਾ ਵੀ ਭੇਂਟ ਚੜ੍ਹ ਗਿਆ ਲੱਗਦੈ। ਫੇਰ ਤੋਂ ਗੁਲਾਮ ਮਹਿਸੂਸ ਕਰ ਰਹੇ ਹਾਂ। ਮਾਸਕ ਪਾਏ ਹੋਏ ਹਨ, ਰੱਬ ਤੋਂ ਮੂੰਹ ਲੁਕੋਈ ਫਿਰ ਰਹੇ ਹਾਂ। ਹਸਪਤਾਲਾਂ ਵਿਚ ਕੋਰੋਨਾ ਪੀੜ੍ਹਤ ਜੂਝ ਰਹੇ ਹਨ। ਕੋਰੋਨਾ ਦਾ ਕਹਿਰ ਪੂਰਾ ਫੈਲ ਚੁੱਕਾ ਹੈ।

ਦੁਨੀਆਂ ਭਰ ਵਿੱਚ 21,384,051 ਤੋਂ ਉਪਰ ਪੀੜ੍ਹਤਾਂ 'ਚੋਂ ਲਗਭਗ 7,64,051 ਆਪਣੀ ਜਾਨ ਗੁਆ ਚੁੱਕੇ ਹਨ। ਜੀਵਨ ਤੇ ਮੌਤ ਦੀ ਖੇਡ ਵਿੱਚ ਕੋਰੋਨਾ ਸਟੋਰੀ ਨੂੰ ਖ਼ਤਮ ਕਰ ਰਿਹਾ ਹਾਂ। ਭਾਰਤ ਹੁਣ ਤੀਜੇ ਨੰਬਰ 'ਤੇ ਆ ਚੁੱਕਾ ਹੈ। 49 ਹਜ਼ਾਰ 170 ਜਾਨਾਂ ਜਾ ਚੁੱਕੀਆਂ ਹਨ ਪਰ ਫਿਰ ਵੀ ਜੀਵਨ ਦਾ ਪਹੀਆ ਘੁੰਮਣ ਲੱਗ ਪਿਆ ਹੈ। ਹੁਣ ਤਾਂ ਪ੍ਰਹੇਜ ਹੀ ਇਲਾਜ ਹੈ, ਜਿੰਨਾ ਚਿਰ ਕੋਈ ਟੀਕਾ ਨਹੀਂ ਬਣਦਾ, ਕੋਈ ਨਵਾਂ ਮੈਡੀਕਲ ਧੰਦਾ ਸ਼ੁਰੂ ਨਹੀਂ ਹੁੰਦਾ !

ਹਸਪਤਾਲਾਂ ਵਿਚ ਕੋਰੋਨਾ ਪੀੜ੍ਹਤਾਂ ਦਾ ਬਹੁਤ ਖਰਚਾ ਹੋ ਰਿਹਾ ਹੈ, ਖਾਸ ਕਰਕੇ ਪ੍ਰਾਈਵੇਟ ਹਸਪਤਾਲਾਂ ਵਿੱਚ। ਮੈਡੀਕਲ ਸਹੂਲਤਾਂ ਹਾਲੇ ਵੀ ਥੋੜ੍ਹੀਆਂ ਹਨ। ਅਸੀਂ ਆਪਣਾ ਥੋੜ੍ਹਾ ਬਹੁਤ ਯੋਗਦਾਨ ਪਾਈ ਜਾ ਰਹੇ ਹਾਂ। ਰਾਮਗੜ੍ਹੀਆ ਸ਼ਮਸ਼ਾਨਘਾਟ ਵਿੱਚ ਦੋ ਗੈਸ ਵਾਲੀਆਂ ਭੱਠੀਆਂ ਚਾਲੂ ਹੋ ਚੁੱਕੀਆਂ ਹਨ ਅਤੇ ਤੀਸਰੀ ਭੱਠੀ ਦੀ ਤਿਆਰੀ ਹੈ, ਕੁਝ ਦਾਨੀ ਸੱਜਣਾਂ ਨੇ ਸਹਿਯੋਗ ਦਿੱਤਾ ਹੈ। ਹੁਣ ਤੱਕ ਪੰਜਾਬ ਭਰ ਵਿਚ 814 ਅਤੇ ਲੁਧਿਆਣੇ ਵਿੰਚ 226 ਮੌਤਾਂ ਹੋ ਚੁੱਕੀਆਂ ਹਨ। ਜਿਨ੍ਹਾਂ ਵਿੱਚੋਂ 157 ਸਸਕਾਰ ਇਸੇ ਸ਼ਮਸ਼ਾਨਘਾਟ ਵਿੱਚ ਹੋਏ ਹਨ। ਰੱਬ, ਸਭਨਾਂ ਦੀ ਸੇਵਾ ਲੇਖੇ ਲਾਵੇ।

ਅੰਤ ਵਿਚ ਮੈਂ ਇਹੋ ਕਹਾਂਗਾ ਕਿ ਆਪਣੇ ਅੱਜ ਨੂੰ ਸੰਭਾਲ ਲਵੋ, ਕੱਲ੍ਹ ਦਾ ਕੀ ਪਤਾ ਕੀ ਹੋਣਾ ਹੈ ?

ਇਹ ਅਟੱਲ ਸੱਚਾਈ ਹੈ ਕਿ ਸਰੀਰ ਨਾਸ਼ਵਾਨ ਹੈ, ਆਤਮਾ ਅਮਰ ਹੈ, ਮਨੁੱਖ ਸ਼ੁਰੂ ਤੋਂ ਹੀ ਇਹ ਯਤਨ ਕਰਦਾ ਆ ਰਿਹਾ ਹੈ ਕਿ ਸਰੀਰ ਅਮਰ ਹੋ ਜਾਵੇ, ਆਤਮਾ ਤੋਂ ਕੀ ਲੈਣਾ ? ਬੱਸ ਐਨੀ ਕੁ ਗੱਲ ਤੋਂ ਹੀ ਮੋਹ ਮਾਇਆ ਦਾ ਜਾਲ ਪਸਰਣਾ ਸ਼ੁਰੂ ਹੋ ਗਿਆ ਹੈ।

ਮਨੁੱਖ ਨੂੰ ਸਰੀਰ ਰੂਪੀ ਮਾਇਆ ਦਾ ਲੋਭ ਲੱਗ ਗਿਆ। ਮਨੁੱਖ ਸਰੀਰ ਦੀ ਲੰਮੀ ਉਮਰ ਦੇ ਚੱਕਰ ਵਿਚ ਜੀਵਨ ਜਿਉਣ ਦੀ ਕਲਾ ਨੂੰ ਭੁੱਲ ਗਿਆ। ਜਿਉਂ-ਜਿਉਂ ਮਨੁੱਖੀ ਵਿਕਾਸ ਦੀ ਪੌੜੀ ਉੱਚੀ ਹੋ ਗਈ। ਤਿਉਂ ਤਿਉਂ ਮਨੁੱਖੀ ਵਿਨਾਸ਼ ਦੇ ਯੰਤਰ ਵੀ ਵਿਕਸਤ ਹੋਣ ਲੱਗ ਪਏ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਇੰਸ ਨੇ, ਖਾਸ ਕਰਕੇ ਮੈਡੀਕਲ ਸਾਇੰਸ ਨੇ ਬੇਹੱਦ ਤਰੱਕੀ ਕੀਤੀ ਹੈ ਅਤੇ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਕੇ ਉਨ੍ਹਾਂ ਨੂੰ ਜੜ੍ਹੋਂ ਹੀ ਖ਼ਤਮ ਕਰ ਦਿੱਤਾ ਹੈ। ਬੰਦੇ ਦੀ ਔਸਤਨ ਉਮਰ ਵਿੱਚ ਵੀ ਚੋਖਾ ਵਾਧਾ ਹੋਇਆ ਪਰ ਕੀ ਇਹ ਸਾਰੇ ਕਾਰਜ ਕੁਦਰਤੀ ਨੇਮ ਦੇ ਉਲਟ ਨਹੀਂ ? ਕੀ ਜੀਵਨ ਅਤੇ ਮੌਤ ਦੀ ਕੁਦਰਤੀ ਪ੍ਰਕਿਰਿਆ ਵਿੱਚ ਮਨੁੱਖ ਨੂੰ ਦਖ਼ਲ ਦੇਣਾ ਚਾਹੀਦਾ ਹੈ ?

ਰੱਬ ਨੇ ਇਹ ਧਰਤੀ ਬਣਾਈ ਹੈ ਅਤੇ ਉਸ ਨੇ ਕੁਦਰਤੀ ਨੇਮ ਬਣਾਏ ਸਨ, ਜੀਵਨ ਤੇ ਮੌਤ ਉਸ ਦੇ ਹੀ ਨੇਮ ਹਨ। ਅਸੀਂ ਲੰਬੀ ਉਮਰ ਦੇ ਚੱਕਰ ਵਿੱਚ ਚੰਗੀ ਉਮਰ ਭੋਗਣਾ ਵੀ ਭੁੱਲ ਗਏ ਹਾਂ।

ਕੀ ਕੋਰੋਨਾ, ਉਸ ਅਸਲੀਅਤ ਨੂੰ ਯਾਦ ਕਰਾਉਣ ਲਈ ਆਇਆ ਹੈ ? ਅਸੀਂ ਕੋਰੋਨਾ ਦੇ ਕਹਿਰ ਤੋਂ ਕਦੋਂ ਆਜ਼ਾਦ ਹੋਵਾਂਗੇ ?

ਰਣਜੋਧ ਸਿੰਘ

15 ਅਗਸਤ, 2020

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੇ ੫੫੦ਵੀਂ ਵਰੇਗੰਢ ਦੇ ਸਮਾਪਨ ਤੇ ਖ਼ਾਸ ਲੇਖ

# ਗੁਰੂ ਨਾਨਕ-
# ਬਾਣੀ ਵਿਚ ਆਦਰਸ਼ ਮਨੁੱਖ ਦਾ ਸੰਕਲਪ

ਡਾ. ਗੁਣਵੰਤ ਕੌਰ

ਗੁਰੂ ਨਾਨਕ-ਬਾਣੀ ਵਿਚ ਬ੍ਰਹਮ-ਨਿਰੂਪਣ ਦੇ ਵਰਣਨ ਤੋਂ ਛੁੱਟ ਮਨੁੱਖੀ-ਜੀਵਨ ਦੀ ਸਮੱਸਿਆ ਬਾਰੇ ਵਿਸ਼ੇਸ਼ ਤੌਰ 'ਤੇ ਚਰਚਾ ਹੋਈ ਹੈ, ਜਿਸ ਵਿਚ ਜੀਵਨ ਦੇ ਅਧਿਆਤਮਿਕ ਅਤੇ ਦੁਨਿਆਵੀ ਦੋਵੇਂ ਪਹਿਲੂਆਂ ਬਾਰੇ ਵਿਚਾਰ ਪ੍ਰਾਪਤ ਹਨ। ਅਧਿਆਤਮਿਕ ਪਹਿਲੂ ਵਿਚ ਆਤਮਾ-ਪਰਮਾਤਮਾ ਦਾ ਸੰਬੰਧ, ਮਨੁੱਖ ਦੀ ਉਤਪਤੀ, ਮਨੁੱਖੀ ਜੀਵਨ ਦਾ ਉਦੇਸ਼ ਅਤੇ ਇਸ ਦੀ ਪ੍ਰਾਪਤੀ ਲਈ ਅਧਿਆਤਮਿਕ ਸਾਧਨ ਆਦਿ ਆਉਂਦੇ ਹਨ। ਇਸ ਪਹਿਲੂ ਦਾ ਸੰਬੰਧ ਵਿਸ਼ਵਾਸ, ਸਿਧਾਂਤ ਤੇ ਦਰਸ਼ਨ ਮੰਡਲ ਨਾਲ ਹੈ। ਦੂਜੇ ਪਹਿਲੂ ਵਿਚ ਮਨੁੱਖ ਦੇ ਅਮਲੀ ਜੀਵਨ ਬਾਰੇ ਅਨੇਕ ਗੱਲਾਂ ਛੋਹੀਆਂ ਹਨ ਜਿਨ੍ਹਾਂ ਦੀ ਸੇਧ ਵਿਚ ਮਨੁੱਖ ਸੰਸਾਰ ਵਿਚ ਰਹਿੰਦੇ ਹੋਏ ਇਕ ਸੁਚੱਜਾ ਅਤੇ ਆਦਰਸ਼ ਮਨੁੱਖ ਬਣਨ ਦੀ ਆਸ ਕਰ ਸਕਦਾ ਹੈ। ਅਸਲ ਵਿਚ ਵਧੇਰੇ ਕਰਕੇ, ਮਨੁੱਖ ਦੇ ਅਧਿਆਤਮਿਕ ਪਹਿਲੂ ਦੀ ਪਰਖ ਉਸ ਦੇ ਅਮਲੀ ਜੀਵਨ ਰਾਹੀਂ ਹੀ ਹੁੰਦੀ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਸੱਚ ਨਾਲੋਂ ਸੱਚ ਆਚਾਰ ਨੂੰ ਉਚੇਰਾ ਮੰਨਿਆ ਹੈ ਅਤੇ ਮਨੁੱਖ ਨੂੰ ਇਕ ਕਿਸਾਨ ਵਾਂਗ ਅਮਲੀ ਜੀਵਨ ਜਿਉਣ ਲਈ ਆਖਿਆ ਹੈ।

ਗੁਰੂ ਨਾਨਕ-ਬਾਣੀ ਵਿਚ ਮਨੁੱਖੀ ਜੀਵਨ ਦਾ ਮੂਲ ਮਨੋਰਥ ਆਪਣੇ ਅੰਦਰ ਵਸਦੀ ਬ੍ਰਹਮ ਰੂਪੀ ਆਤਮਾ ਨੂੰ ਪਛਾਣ ਕੇ ਜੀਵਨ-ਮੁਕਤ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਇਹ ਅਵਸਥਾ ਆਤਮਿਕ-ਵਿਕਾਸ ਦੀ ਅਵਸਥਾ ਹੈ। ਇਸ ਵਿਚ ਪਹੁੰਚ ਕੇ ਮਨੁੱਖ ਦੀ ਆਤਮਾ ਤਿੰਨ ਗੁਣਾਂ ਤੋਂ ਉਚੇਰੀ ਹੋ ਕੇ ਵਾਸਤਵਿਕ ਗਿਆਨ ਵਾਲੀ ਹੋ ਜਾਂਦੀ ਹੈ। ਇਸ ਅਵਸਥਾ ਵਿਚ ਪਹੁੰਚੇ ਹੋਏ ਵਿਅਕਤੀ ਦਾ ਜੀਵਨ ਅਡੋਲ ਅਤੇ ਸ਼ਾਂਤ ਹੋ ਜਾਂਦਾ ਹੈ। ਜਿਵੇਂ ਪ੍ਰਕਿਰਤੀ ਸੁਭਾਵਿਕ ਨਿਯਮਾਂ ਦੇ ਅਨੁਸਾਰ ਆਪਣਾ ਕਾਰ-ਵਿਹਾਰ ਕਰਦੀ ਰਹਿੰਦੀ ਹੈ, ਇਸੇ ਤਰ੍ਹਾਂ ਮਨੁੱਖ ਵੀ ਰੱਬੀ ਹੁਕਮ ਦੇ ਅਧੀਨ ਚਲ ਕੇ ਨੇਕੀ ਅਤੇ ਪਿਆਰ ਦੀ ਮੂਰਤ ਬਣ ਜਾਂਦਾ ਹੈ। ਅਜਿਹੀ ਸਥਿਤੀ ਤਕ ਪਹੁੰਚਿਆ ਹੋਇਆ ਵਿਅਕਤੀ ਹੀ ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਆਦਰਸ਼ ਰੂਪ ਹੈ। ਅਜਿਹੇ ਮਨੁੱਖ ਨੂੰ ਉਨ੍ਹਾਂ ਨੇ ਗੁਰਮੁਖ, ਸੰਤ, ਭਗਤ, ਗਿਆਨੀ, ਸਚਿਆਰ, ਜੀਵਨ-ਮੁਕਤ ਆਦਿ ਸੰਗਿਆਵਾਂ ਪ੍ਰਦਾਨ ਕੀਤੀਆਂ ਹਨ, ਪਰੰਤੂ ਵਧੇਰੇ ਕਰਕੇ 'ਗੁਰਮੁਖ' ਪਦ ਨੂੰ ਹੀ ਆਦਰਸ਼ ਮਨੁੱਖ ਦਾ ਪ੍ਰਤੀਕ ਮੰਨਿਆ ਹੈ।

ਗੁਰੂ ਨਾਨਕ ਬਾਣੀ ਅਨੁਸਾਰ ਮਨੁੱਖ ਦਾ ਵਜੂਦ ਆਤਮਾ ਅਤੇ ਸਰੀਰ ਦੋਹਾਂ ਦੇ ਮੇਲ ਨਾਲ ਕਾਇਮ ਰਹਿੰਦਾ ਹੈ। ਸਰੀਰ ਤੋਂ ਬਿਨਾਂ ਮਨੁੱਖ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ਅਤੇ ਆਤਮਾ ਤੋਂ ਬਿਨਾਂ ਸਰੀਰ ਕੇਵਲ ਨਿਰਜਿੰਦ ਆਕਾਰ ਮਾਤਰ ਹੁੰਦੀ ਹੈ। ਇਸ ਲਈ ਸਰੀਰ ਨੂੰ ਕਾਇਮ ਰੱਖਣ ਦੀ ਆਵੱਸ਼ਕਤਾ ਹੁੰਦੀ ਹੈ। ਸਰੀਰ ਤਾਂ ਹੀ ਕਾਇਮ ਰਹਿ ਸਕਦਾ ਹੈ, ਜੇਕਰ ਇਸ ਦੀਆਂ ਸਰੀਰਿਕ, ਮਾਨਸਿਕ, ਆਤਮਿਕ ਭੁੱਖਾਂ ਦੀ ਤ੍ਰਿਪਤੀ ਇਕਸਾਰ ਹੁੰਦੀ ਰਹੇ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਬਾਣੀ ਵਿਚ ਮਨੁੱਖੀ ਜੀਵਨ ਦੀ ਸਰਬੰਗੀ ਪ੍ਰਫੁੱਲਤਾ ਬਾਰੇ ਗੱਲ ਕੀਤੀ ਹੈ ਅਤੇ ਨਿਵੇਕਲੀ ਜੀਵਨ-ਜਾਚ ਦੀ

*ਸੋਵੀਨਰ 2019-20 ਸੈਂਟਰਲ ਖਾਲਸਾ ਯਤੀਮਖਾਨਾ 'ਚੋਂ ਧੰਨਵਾਦ ਸਹਿਤ*

ਪੱਧਤੀ ਦਾ ਨਿਰਮਾਣ ਕੀਤਾ ਹੈ, ਜਿਸ ਨੂੰ ਸਹਜ ਜੀਵਨ ਜਾਚ ਆਖਿਆ ਜਾ ਸਕਦਾ ਹੈ।

ਗੁਰੂ ਨਾਨਕ ਤੋਂ ਪੂਰਵ ਭਾਰਤੀ ਧਾਰਮਿਕ ਪਰੰਪਰਾ ਵਿਚ ਮਨੁੱਖੀ ਜੀਵਨ ਸਰਬੰਗੀ ਪ੍ਰਫੁੱਲਿਤਾ ਲਈ ਚਾਰ ਪੁਰਸ਼ਾਰਥਾਂ, ਧਰਮ, ਅਰਥ, ਕਾਮ ਅਤੇ ਮੋਖ ਨੂੰ ਸਥਾਪਿਤ ਕੀਤਾ ਗਿਆ ਹੈ। ਭਾਰਤੀ ਸੰਸਕ੍ਰਿਤ ਵਿਚ ਇਨ੍ਹਾਂ ਪੁਰਸ਼ਾਰਥਾਂ ਨੂੰ ਇਕ ਅਜਿਹਾ ਮਾਪ ਮੰਨਿਆ ਗਿਆ ਹੈ, ਜਿਸ ਦੁਆਰਾ ਮਨੁੱਖ ਸਭ ਚੀਜ਼ਾਂ ਨੂੰ ਮਾਪਦਾ ਹੈ ਤੇ ਆਪ ਮਾਪਿਆ ਜਾਂਦਾ ਹੈ। ਵਿਉਂਤਪੱਤੀ ਦੇ ਪੱਖ ਤੋਂ ਪੁਰਸ਼ਾਰਥ ਦਾ ਅਰਥ ਹੈ, ਉਹ ਜਿਸ ਦੀ ਲੋੜ ਮਨੁੱਖੀ ਜੀਵਨ ਵਿਚ ਰਹਿੰਦੀ ਹੈ। ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਨੂੰ 'ਚਾਰਿ ਪਦਾਰਥ' ਆਖਿਆ ਗਿਆ ਹੈ।

ਭਾਵੇਂ ਚਾਰ ਪਦਾਰਥ ਵਿਚੋਂ ਅਰਥ ਅਤੇ ਕਾਮ ਬਾਰੇ ਨਾਨਕ ਬਾਣੀ ਵਿਚ ਤੌਰ 'ਤੇ ਕੋਈ ਵਿਚਾਰ ਨਹੀਂ ਮਿਲਦਾ, ਪਰ ਉਨ੍ਹਾਂ ਦੀ ਬਾਣੀ ਦੇ ਸਮੁੱਚੇ ਅਧਿਐਨ ਤੋਂ ਪ੍ਰਾਪਤ ਰੂਪ ਵਿਚ ਇਨ੍ਹਾਂ ਬਾਰੇ ਕੁਝ ਸੰਕੇਤ ਅਵੱਸ਼ ਮਿਲ ਜਾਂਦੇ ਹਨ, ਜਿਨ੍ਹਾਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਵੀ ਮਨੁੱਖੀ ਜੀਵਨ ਲਈ ਇਨ੍ਹਾਂ ਪੁਰਸ਼ਾਰਥ (ਪਦਾਰਥਾਂ) ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੋਇਆ ਹੈ। ਅਸੀਂ ਇਸ ਲੇਖ ਵਿਚ ਇਹ ਦੱਸਣ ਦਾ ਯਤਨ ਕਰਾਂਗੇ ਕਿ ਗੁਰੂ ਨਾਨਕ ਦਾ ਆਦਰਸ਼ ਮਨੁੱਖ ਆਪਣੇ ਅਮਲੀ ਜੀਵਨ ਵਿਚ ਇਨ੍ਹਾਂ ਦੋਹਾਂ ਪਦਾਰਥਾਂ ਨੂੰ ਕਿਸ ਰੂਪ ਵਿਚ ਵਰਤਦਾ ਹੈ।

ਭਾਰਤੀ ਜੀਵਨ-ਜਾਚ ਅਨੁਸਾਰ ਧਰਮ ਦਾ ਸੰਬੰਧ ਮਨੁੱਖ ਦੀ ਨੈਤਿਕ ਅਗਵਾਈ ਨਾਲ ਹੈ। ਅਰਥ ਅੰਤਰਗਤ ਭੌਤਿਕ ਸੁੱਖ-ਪ੍ਰਾਪਤੀ ਦੇ ਸਾਧਨ ਆਉਂਦੇ ਹਨ। ਕਾਮ ਦਾ ਸੰਬੰਧ ਕਾਮ-ਵ੍ਰਿਤੀ ਅਤੇ ਭੌਤਿਕ ਸੁੱਖ-ਪ੍ਰਾਪਤੀ ਦੇ ਸਾਧਨਾਂ ਦੀ ਵਰਤੋਂ ਨਾਲ ਹੈ ਅਤੇ ਮੋਖ ਆਤਮਿਕ-ਸੁੱਖ ਦੀ ਸਥਿਤੀ ਦਾ ਸੂਚਕ ਹੈ। ਇਨ੍ਹਾਂ ਚੋਹਾਂ ਵਿਚੋਂ ਮੋਖ ਨੂੰ ਸਰਵੋਤਮ ਪੁਰਸ਼ਾਰਥ ਮੰਨਿਆ ਗਿਆ ਹੈ। ਬਾਕੀ ਤਿੰਨ ਪੁਰਸ਼ਾਰਥ ਮੋਖ-ਪ੍ਰਾਪਤੀ ਦੇ ਸਾਧਨ ਮੰਨੇ ਗਏ ਹਨ। ਇਸ ਤਰ੍ਹਾਂ ਇਹ ਚਾਰੇ ਪੁਰਸ਼ਾਰਥ ਮਨੁੱਖੀ ਜੀਵਨ ਦੇ ਸਰਬੰਗੀ ਪ੍ਰਫੁੱਲਤਾ ਦੀ ਜ਼ਰੂਰੀ ਅੰਗ ਮੰਨੇ ਜਾਂਦੇ ਹਨ, ਪਰੰਤੂ ਇਨ੍ਹਾਂ ਪੁਰਸ਼ਾਰਥਾਂ ਨੂੰ ਵਿਹਾਰਿਕ ਜੀਵਨ ਵਿਚ ਲਾਗੂ ਕਰਨ ਲਈ ਬ੍ਰਹਮਚਾਰ, ਗ੍ਰਿਹਸਥ, ਬਾਣਪ੍ਰਸਤ ਅਤੇ ਸੰਨਿਆਸ ਦੀਆਂ ਅਵਸਥਾਵਾਂ ਨਿਰਧਾਰਿਤ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਮਨੁੱਖ ਦੇ ਸੰਪੂਰਣ ਜੀਵਨ ਨੂੰ ਚਾਰ ਭਾਗਾਂ ਵਿਚ ਵੰਡ ਕੇ ਕ੍ਰਮਵਾਰ ਪੁਰਸ਼ਾਰਥਾਂ ਨੂੰ ਲਾਗੂ ਕਰਨ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ। ਮੋਖ ਦਾ ਸਥਾਨ ਸਭ ਤੋਂ ਅੰਤ ਵਿਚ ਆਉਂਦਾ ਹੈ, ਜਦੋਂ ਕਿ ਮਨੁੱਖ ਆਪਣੇ ਜੀਵਨ ਦਾ ਬਹੁਤ ਭਾਗ ਭੋਗ ਚੁੱਕਾ ਹੁੰਦਾ ਹੈ।

ਗੁਰੂ ਨਾਨਕ ਬਾਣੀ ਵਿਚ ਮਨੁੱਖ ਦੇ ਜੀਵਨ ਲਈ ਅਜਿਹਾ ਕੋਈ ਵਿਧਾਨ ਬਣਿਆ ਨਹੀਂ ਮਿਲਦਾ, ਜਿਸ ਦੇ ਅਨੁਸਾਰ ਚਾਰ ਪੁਰਸ਼ਾਰਥਾਂ ਨੂੰ ਨਿਸ਼ਚਿਤ ਸਮੇਂ ਅਨੁਸਾਰ ਧਾਰਨ ਕਰ ਸਕਦਾ ਹੈ, ਸਗੋਂ ਗੁਰੂ ਸਾਹਿਬ ਦਾ ਸਾਰਾ ਜ਼ੋਰ ਇਸ ਗੱਲ ਨੂੰ ਦ੍ਰਿੜ੍ਹ ਕਰਵਾਉਣ ਵਿਚ ਹੀ ਨਜ਼ਰ ਆਉਂਦਾ ਹੈ ਕਿ ਮਨੁੱਖ ਨੂੰ ਜੀਵਨ ਦੀ ਆਰੰਭਿਕ ਅਵਸਥਾ ਤੋਂ ਹੀ ਇਸ ਗੱਲ ਦਾ ਅਹਿਸਾਸ ਹੋ ਜਾਵੇ ਕਿ ਉਸ ਦਾ ਸਾਰਾ ਜੀਵਨ ਅਸਥਿਰ ਹੈ, ਨਾਸ਼ਮਾਨ ਹੈ। ਉਸ ਨੇ ਅਚਿੰਤੇ ਹੀ ਕਾਲ ਦੀ ਪਕੜ ਵਿਚ ਆ ਜਾਣਾ ਹੈ ਜਿਸ ਦਾ ਕੋਈ ਵੇਲਾ ਨਿਸ਼ਚਿਤ ਨਹੀਂ ਸੰਸਾਰ ਦਾ ਮੋਹ ਉਸ ਲਈ ਬੰਧਨ ਹੈ, ਜੋ ਉਸ ਲਈ ਆਪਣੇ ਮੂਲ ਮਨੋਰਥ ਤਕ ਪਹੁੰਚਣ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਇਸੇ ਲਈ ਉਹ ਬਾਰ ਬਾਰ ਮਨੁੱਖ ਨੂੰ ਇਹ ਆਦੇਸ਼ ਦਿੰਦੇ ਨਜ਼ਰ ਆਉਂਦੇ ਹਨ :

***ਭਾਈ ਰੇ ਇਉ ਸਿਰਿ ਜਾਣਹੁ ਕਾਲੁ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥***

(ਅੰਗ ੫੫)

ਗੁਰੂ ਨਾਨਕ ਬਾਣੀ ਵਿਚ ਮਨੁੱਖ ਨੂੰ ਦੇਵਤਾ ਬਣਾਉਣ ਦੀ ਕਲਪਨਾ ਕੀਤੀ ਗਈ ਹੈ। ਅਸਲ ਵਿਚ

ਮਨੁੱਖ ਸਰੀਰਿਕ ਬਣਤਰ ਕਰਕੇ ਤਾਂ ਮਨੁੱਖ ਹੁੰਦਾ ਹੈ ਪਰ ਆਪਣੀਆਂ ਮਨੋਬਿਰਤੀਆਂ ਕਾਰਨ ਪਸ਼ੂ ਜੀਵਨ ਦੇ ਨੇੜੇ ਜਾ ਅਪੜਦਾ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਨੁੱਖ ਇਸ ਸਥਿਤੀ ਤੋਂ ਉੱਪਰ ਉੱਠ ਕੇ ਦੇਵਤਾ ਜਾਂ ਚੰਗਾ ਮਨੁੱਖ ਬਣਨ ਦੀ ਸਮਰੱਥਾ ਤਾਂ ਰੱਖਦਾ ਹੈ ਪਰ ਇਸ ਸਮਰੱਥਾ ਦਾ ਬੋਧ ਉਸ ਨੂੰ ਆਪਣੇ ਆਪ ਨਹੀਂ ਹੁੰਦਾ। ਇਸ ਲਈ ਉਸ ਨੂੰ ਸੁਚੱਜੀ ਅਗਵਾਈ ਦੀ ਲੋੜ ਪੈਂਦੀ ਹੈ।

ਗੁਰੂ ਨਾਨਕ-ਬਾਣੀ ਅਨੁਸਾਰ ਚੰਗੇ ਮਨੁੱਖ ਦੀ ਪਹਿਚਾਨ ਉਹਦੇ ਚੰਗੇ ਅਮਲ ਹੀ ਹੁੰਦੇ ਹਨ। ਇਕ ਚੰਗਾ ਮਨੁੱਖ ਨਿੱਜੀ ਜੀਵਨ ਦੇ ਨਾਲ-ਨਾਲ ਭਾਈਚਾਰਕ ਸੰਬੰਧਾਂ ਨੂੰ ਵੀ ਉੱਤਮਤਾ ਨਾਲ ਨਿਭਾਉਂਦਾ ਹੈ। ਸ੍ਵਾਰਥ ਦਾ ਤਿਆਗ ਉਸ ਦਾ ਵਿਸ਼ੇਸ਼ ਲੱਛਣ ਹੁੰਦਾ ਹੈ। ਵਾਸਤਵ ਵਿਚ ਮਨੁੱਖ ਆਪਣੇ ਆਪ ਵਿਚ ਤਾਂ ਮਨੁੱਖ ਹੀ ਹੁੰਦਾ ਹੈ ਪਰ ਮਨੁੱਖ ਮਨੁੱਖ ਮਿਲ ਕੇ, ਅਰਥਾਤ 'ਨਿੱਜ' ਅਤੇ 'ਪਰ' ਦੀ ਏਕਤਾ ਹੋਣ ਉੱਪਰ ਹੀ ਉਹ ਦੇਵਤਾ ਬਣਦਾ ਹੈ। ਇਸ ਗੱਲ ਦੇ ਸਮਰਥਕ ਚਾਰਲਸ ਮੂਰ ਨੇ ਠੀਕ ਹੀ ਕਿਹਾ ਹੈ ਕਿ ਨੈਤਿਕ ਜੀਵਨ ਜਦੋਂ ਸਮਾਜਿਕ ਧਰਾਤਲ ਉਤੇ ਸਥਿਤ ਹੁੰਦਾ ਹੈ ਤਾਂ ਉਹ ਅਧਿਆਤਮਿਕ ਜੀਵਨ ਹੀ ਹੁੰਦਾ ਹੈ ਉਹ ਕ੍ਰਿਆਸ਼ੀਲ ਅਧਿਆਤਮਿਕਾ ਹੈ। ਪਰੰਤੂ 'ਨਿੱਜ' ਤੋਂ 'ਪਰ' ਤਕ ਪਹੁੰਚਣਾ ਕੋਈ ਸਾਧਾਰਣ ਗੱਲ ਨਹੀਂ ਕਿਉਂਕਿ ਇਸ ਸੱਤਹ ਤਕ ਪਹੁੰਚਣ ਲਈ ਮਨੁੱਖ ਨੂੰ ਆਪਾ ਤਿਆਗਣਾ ਪੈਂਦਾ ਹੈ, ਜੋ ਇਕ ਕਠਨ ਕਾਰਜ ਹੈ ਪਰ ਗੁਰੂ ਨਾਨਕ ਸਾਹਿਬ ਦਾ ਵਿਚਾਰ ਹੈ ਕਿ ਆਪਾ ਤਿਆਗਣ ਦੀ ਜੁਗਤੀ ਧਰਮ ਦੀ ਕੀਮਤ ਧਾਰਨ ਕਰਨ ਨਾਲ ਆ ਸਕਦੀ ਹੈ ਕਿਉਂਕਿ ਧਰਮ ਹੀ ਮਨੁੱਖ ਨੂੰ ਚੰਗਿਆਈਆਂ ਤੇ ਬੁਰਿਆਈਆਂ ਦਾ ਨਿਰਣਾ ਕਰਨ ਦੀ ਸੋਝੀ ਦਿੰਦਾ ਹੈ। ਇਹ ਮਨੁੱਖ ਨੂੰ ਸੰਜਮੀ ਜੀਵਨ ਜੀਉਣ ਦੀ ਜਾਚ ਸਿਖਾਉਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਮੁੱਖ ਬਾਣੀ 'ਜਪੁਜੀ' ਵਿਚ ਮਨੁੱਖੀ ਜੀਵਨ ਦੀ ਮੂਲ ਸਮੱਸਿਆ ਵੱਲ ਸੰਕੇਤ ਕੀਤਾ ਹੈ ਕਿ ਮਨੁੱਖ ਕਿਵੇਂ ਸਚਿਆਰਾ ਬਣ ਸਕਦਾ ਹੈ। ਇਥੇ ਉਨ੍ਹਾਂ ਨੇ 'ਸਚਿਆਰਾ' ਪਦ ਦੀ ਵਰਤੋਂ ਇਕ ਐਸੇ ਆਪੇ ਲਈ ਕੀਤੀ ਹੈ ਜੋ ਸੁੱਖ ਪ੍ਰਾਪਤ ਕਰ ਚੁੱਕਾ ਹੈ, ਸੰਪੂਰਨ ਬਣ ਗਿਆ। ਇਸ ਉਕਤੀ ਤੋਂ ਇਸ ਗੱਲ ਦਾ ਨਿਰਣਾ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਮਨੁੱਖ ਨੂੰ ਸਚਿਆਰ ਰੂਪ ਵਿਚ ਵੇਖਣਾ ਚਾਹੁੰਦੇ ਸਨ। ਇਹੀ ਮਨੁੱਖ ਲਈ ਸਦਾਚਾਰਿਕ ਮਿਆਰ ਮੰਨਿਆ ਗਿਆ ਹੈ। ਮਨੁੱਖ ਸਚਿਆਰ ਕਿਵੇਂ ਬਣਦਾ ਹੈ ? ਇਸ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸਚਿਆਰ ਬਣਨ ਦੇ ਰਾਹ ਵਿਚ ਕੂੜ ਦੀ ਕੰਧ ਉਸਰੀ ਹੋਈ ਹੈ, ਉਸ ਨੂੰ ਢਾਹੁਣਾ ਪੈਂਦਾ ਹੈ। ਉਸ ਦੀ ਕੰਧ ਦਰਅਸਲ ਹਉਮੈ ਦੀ ਮੂਲ ਉਪਾਧੀ ਹੈ। ਹਉਮੈ ਦਾ ਅਰਥ ਹੈ, ਮੈਂ, ਦੀ ਭਾਵਨਾ। ਇਹ ਭਾਵਨਾ ਮਨੁੱਖ ਨੂੰ ਲੋਭੀ, ਸ੍ਵਾਰਥੀ ਬਣਾ ਦਿੰਦੀ ਹੈ। ਮਨ ਸੰਸਾਰਿਕਤਾ ਵੱਲ ਵਧੇਰੇ ਰੁਚਿਤ ਹੋ ਜਾਂਦਾ ਹੈ ਅਤੇ ਆਪਣੇ ਅੰਦਰ ਵਸਦੀ ਜੋਤ ਭੁੱਲ ਜਾਂਦਾ ਹੈ। ਇਹ ਭਾਵਨਾ ਹੀ ਕੰਧ ਬਣ ਕੇ ਉਸ ਨੂੰ ਸਚਿਆਰ ਬਣਨ ਤੋਂ ਰੋਕਦੀ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਹਉਮੈ ਤੋਂ ਮੁਕਤ ਹੋਣ ਦਾ ਇਕੋ ਇਕ ਢੰਗ ਹੈ ਕਿ ਮਨੁੱਖ ਨੂੰ ਰੱਬੀ ਜਾਂ ਦੈਵੀ ਨਿਯਮਾਂ ਅਧੀਨ ਆਪਣਾ ਆਪ ਢਾਲਣਾ ਚਾਹੀਦਾ ਹੈ। ਉਪਰਲੀ ਵਿਚਾਰ ਤੋਂ ਸਪੱਸ਼ਟ ਹੈ ਕਿ ਸਚਿਆਰ ਬਣਨ ਲਈ ਹਉਮੈ ਚੇਤਨਾ ਨੂੰ ਮਿਟਾਉਣਾ ਜ਼ਰੂਰੀ ਹੈ। ਸਚਿਆਰ ਹੀ ਗੁਰੂ ਨਾਨਕ ਬਾਣੀ ਦਾ ਆਦਰਸ਼ ਮਨੁੱਖ ਗੁਰਮੁਖ ਹੈ।

ਗੁਰੂ ਨਾਨਕ ਸਾਹਿਬ ਨੇ 'ਸਿਧ ਗੋਸਟਿ' ਨਾਮੀ ਬਾਣੀ ਵਿਚ ਜੋਗੀਆਂ ਨੂੰ ਸਮਝਾਉਂਦਿਆਂ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਮਨੁੱਖ ਦਾ ਜਨਮ ਕੇਵਲ ਗੁਰਮੁਖ ਬਣਨ ਲਈ ਹੀ ਹੁੰਦਾ ਹੈ। ਗੁਰਮੁਖ ਬਣਨ ਦੀ ਜੁਗਤੀ ਇਹ ਹੈ ਕਿ ਮਨਮਤ ਤਿਆਗ ਕੇ ਗੁਰੂ ਮਤ ਦੇ ਅਨੁਸਾਰ ਚਲਿਆ ਜਾਵੇ। ਉਹਨਾਂ ਨੇ ਗੁਰਮੁਖ ਦੇ ਗੁਣਾਂ ਅਤੇ ਕਰਤੱਵਾਂ ਦਾ ਵਰਣਨ ਕਰਦਿਆਂ ਹੋਇਆਂ ਕਿਹਾ ਹੈ ਕਿ :

*ਗੁਰਮੁਖਿ ਜੋਗ ਸਬਦਿ ਆਤਮੁ ਚੀਨੈ*
*ਹਿਰਦੈ ਏਕੁ ਮੁਰਾਰੀ ॥੧੭॥*
*ਮਨੂਆ ਅਸਥਿਰੁ ਸਬਦੇ ਰਾਤਾ*
*ਏਹਾ ਕਰਣੀ ਸਾਰੀ ॥੧੮॥*
*ਬੇਦੁ ਬਾਦੁ ਨ ਪਾਖੰਡੁ ਅਉਧੂ*
*ਗੁਰਮੁਖਿ ਸਬਦਿ ਬੀਚਾਰੀ ॥੧੯॥*
*ਗੁਰਮੁਖਿ ਜੋਗੁ ਕਮਾਵੈ ਅਉਧੂ*
*ਜਤੁ ਸਤੁ ਸਬਦਿ ਵੀਚਾਰੀ ॥੨੦॥*
*ਸਬਦਿ ਮਰੈ ਮਨੁ ਮਾਰੇ ਅਉਧੂ*
*ਜੋਗ ਜੁਗਤਿ ਵੀਚਾਰੀ ॥੨੧॥*
*ਮਾਇਆ ਮੋਹੁ ਭਵਜਲੁ ਹੈ ਅਵਧੂ*
*ਸਬਦਿ ਤਰੈ ਕੁਲ ਤਾਰੀ ॥੨੨॥*
*ਸਬਦਿ ਸੂਰ ਜੁਗ ਚਾਰੇ ਅਉਧੂ*
*ਬਾਣੀ ਭਗਤਿ ਵੀਚਾਰੀ ॥੨੩॥*

(ਅੰਗ ੯੦੮)

ਅਰਥਾਤ - ਗੁਰਮੁਖ ਦਾ ਯੋਗ ਇਹ ਹੈ ਕਿ ਉਹ ਸ਼ਬਦ ਦੁਆਰਾ ਆਤਮਾ ਪਛਾਣਦਾ ਹੈ ਤੇ ਇਸ ਤਰ੍ਹਾਂ ਆਪਣੇ ਹਿਰਦੇ ਅੰਦਰ ਪਰਮਾਤਮਾ ਨੂੰ ਪਾ ਲੈਂਦਾ ਹੈ। ਉਸ ਦਾ ਮਨ ਅਡੋਲ ਹੈ ਕਿਉਂਕਿ ਉਹ ਸ਼ਬਦ ਵਿਚ ਲੀਨ ਹੈ। ਉਸ ਲਈ ਇਹੋ ਸ੍ਰੇਸ਼ਟ ਕਰਨੀ ਹੈ। ਉਹ ਵੇਦ ਨੂੰ ਨਿਰਾ ਝਗੜਾ ਨਹੀਂ ਬਣਾਉਂਦਾ (ਅਮਲ ਵਿਚ ਯਕੀਨ ਰੱਖਦਾ ਹੈ) ਉਹ ਪਖੰਡ ਨਹੀਂ ਕਰਦਾ। ਉਹ ਗੁਰੂ ਦੀ ਸ਼ਰਨ ਵਿਚ ਪੈ ਕੇ ਜੋਗ ਕਮਾਉਂਦਾ ਹੈ। ਸ਼ਬਦ ਦੀ ਵਿਚਾਰ ਦੁਆਰਾ ਜਤ-ਸਤ ਦਾ ਧਾਰਨੀ ਹੁੰਦਾ ਹੈ, ਉਹ ਸ਼ਬਦ ਦੁਆਰਾ ਆਪਾ-ਭਾਵ ਮਾਰਦਾ ਹੈ। ਬਸ, ਇਸੇ ਜੋਗ ਜੁਗਤੀ ਦਾ ਉਹ ਵਿਚਾਰੀ ਹੈ। ਉਹ ਜਾਣਦਾ ਹੈ ਕਿ ਮਾਇਆ ਦਾ ਮੋਹ ਜਨਮ-ਮਰਨ ਦਾ ਕਾਰਨ ਹੈ। ਇਸ ਲਈ ਉਹ ਸ਼ਬਦ ਦੁਆਰਾ ਸੰਸਾਰ ਸਾਗਰ ਤਰ ਨਿਕਲਦਾ ਹੈ ਤੇ ਕੁਲ ਨੂੰ ਵੀ ਤਾਰਦਾ ਹੈ। ਅਜਿਹੇ ਜੋਗੀ ਹੀ ਚਾਰ ਜੁੱਗਾਂ ਦੇ ਸੂਰਮੇ ਬਣੇ ਹਨ, ਉਹਨਾਂ ਬਾਣੀ ਦੁਆਰਾ ਭਗਤੀ ਕੀਤੀ ਹੈ ਤੇ ਵਿਚਾਰਵਾਨ ਹੋਏ ਹਨ।

ਉਪਰਲੀ ਉਕਤੀ ਵਿਚੋਂ ਆਦਰਸ਼ ਮਨੁੱਖ ਦੀ ਸੰਪੂਰਣ ਸ਼ਖ਼ਸੀਅਤ ਬਾਰੇ ਜੋ ਝਲਕ ਮਿਲਦੀ ਹੈ, ਉਸ ਤੋਂ ਇਹ ਗੱਲ ਸਾਫ਼ ਪ੍ਰਤੀਤ ਹੁੰਦੀ ਹੈ ਕਿ ਗੁਰਮੁਖ ਕਿਸੇ ਸੰਸਥਾਗਤ ਧਰਮ ਨਾਲ ਜੁੜਿਆ ਹੋਇਆ ਨਹੀਂ। ਉਹ ਮੂਲ ਰੂਪ ਵਿਚ ਇਕ ਸੁਤੰਤਰ ਵਿਅਕਤੀ ਹੈ ਨਾ ਕਿ ਹਿੰਦੂ, ਮੁਸਲਮਾਨ, ਜੋਗੀ ਜਾਂ ਜੈਨੀ। ਇਸ ਲਈ ਉਹ ਸੰਪਰਦਾਇਕ ਭਾਵਨਾ ਤੋਂ ਮੁਕਤ ਹੋ ਕੇ ਸਮਾਜ ਵਿਚ ਵਿਚਰਦਾ ਹੈ।

ਗੁਰਮੁਖ ਦਾ ਨਿੱਜੀ ਜੀਵਨ ਵਿਕਾਸ ਦੀ ਸਿਖਰ ਉਤੇ ਪਹੁੰਚਿਆ ਹੋਇਆ ਹੈ। ਉਹ ਰੱਬੀ ਹੁਕਮ ਦੇ ਅਧੀਨ ਰਹਿੰਦਾ ਹੋਇਆ, ਉਸ ਦੇ ਗੁਣਾਂ ਦਾ ਵਿਚਾਰ ਕਰਕੇ, ਆਪਣਾ ਜੀਵਨ ਉਨ੍ਹਾਂ ਅਨੁਸਾਰ ਢਾਲਦਾ ਹੈ। ਮਾਇਆ-ਮੋਹ ਤੋਂ ਨਿਰਲੇਪਤਾ, ਮਨ ਉਤੇ ਵਸੀਕਾਰ, ਹਉਮੈ ਦਾ ਤਿਆਗ, ਜਤ-ਸਤ, ਵਿਚਾਰਸ਼ੀਲਤਾ, ਉੱਦਮ, ਪਰਉਪਕਾਰ ਆਦਿ ਗੁਣ ਉਸ ਦੇ ਵਿਕਾਸਮਈ ਜੀਵਨ ਦੀ ਅਭਿਵਿਅਕਤੀ ਕਰਦੇ ਹਨ।

ਸਮਾਜਿਕ ਜੀਵਨ ਵਿਚ ਉਹ ਜਾਤ-ਪਾਤ, ਊਚ-ਨੀਚ, ਇਸਤਰੀ ਪੁਰਖ ਦੇ ਭੇਦ-ਭਾਵ ਤੋਂ ਮੁਕਤ ਹੋ ਕੇ ਹਰੇਕ ਮਨੁੱਖ ਦੀ ਭਲਾਈ ਲਈ ਕਾਰਜ ਕਰਦਾ ਹੈ। ਉਸ ਦੀ ਦ੍ਰਿਸ਼ਟੀ ਵਿਚ ਇਨ੍ਹਾਂ ਭੇਦਾਂ ਦਾ ਕੋਈ ਅਰਥ ਨਹੀਂ, ਕਿਉਂਕਿ ਸਾਰਿਆਂ ਜੀਵਾਂ ਵਿਚ ਉਸ ਨੂੰ ਇਕੋ ਪ੍ਰਭੂ ਦੀ ਜੋਤਿ ਦਿਸਦੀ ਹੈ।

ਇਸੇ ਲਈ ਉਸ ਦੀ ਹਮਦਰਦੀ ਵਧੇਰੇ ਕਰਕੇ ਉਨ੍ਹਾਂ ਵਿਅਕਤੀਆਂ ਨਾਲ ਹੁੰਦੀ ਹੈ, ਜਿਨ੍ਹਾਂ ਦਾ ਦਰਜਾ ਸਮਾਜ ਵਿਚ ਭਾਵੇਂ ਨੀਵਾਂ ਗਿਣਿਆ ਜਾਂਦਾ ਹੈ, ਪਰ ਉਨ੍ਹਾਂ ਦੇ ਅਮਲ ਚੰਗੇ ਹਨ।

ਗੁਰੂ ਨਾਨਕ ਦਾ ਆਦਰਸ਼ ਮਨੁੱਖ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਗ੍ਰਿਹਸਥ ਦੇ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਗ੍ਰਿਹਸਥ ਦੀ ਗੱਡੀ ਨੂੰ ਤੋਰਨ ਲਈ ਇਸਤਰੀ ਅਤੇ ਪੁਰਸ਼ ਦੀ ਹੋਂਦ ਜ਼ਰੂਰੀ ਹੁੰਦੀ ਹੈ। ਪਰੰਤੂ ਦੋਹਾਂ ਦੇ ਵਿਸ਼ੇਸ਼ ਕਰਤੱਵ ਅਤੇ ਅਧਿਕਾਰ ਹੁੰਦੇ ਹਨ। ਸਮਾਜਿਕ

ਜੀਵਨ ਵਿਚ ਵੀ ਦੋਹਾਂ ਦਾ ਸਥਾਨ ਵੱਖੋ-ਵੱਖਰਾ ਹੈ, ਪਰ ਉਨ੍ਹਾਂ ਨੂੰ ਆਪਣੀ ਸ਼ਖ਼ਸੀਅਤ ਦੇ ਵਿਕਾਸ ਲਈ ਇਕੋ ਜਿਹਾ ਉਪਰਾਲਾ ਕਰਨਾ ਪੈਂਦਾ ਹੈ। ਸੰਤੋਖ, ਮਿੱਠਾ-ਬੋਲ, ਧੀਰਜ, ਸੱਚ, ਮਨ ਦਾ ਸੰਜਮ, ਸਿਆਣਪ, ਆਦਿ ਗੁਣ ਇਸਤਰੀ ਲਈ ਵੀ ਉਤਨੇ ਹੀ ਮਹੱਤਵਪੂਰਣ ਹਨ ਜਿੰਨੇ ਪੁਰਖ ਲਈ। ਇਸੇ ਲਈ 'ਸੁਹਾਗਣ' ਪਦ ਦੇ ਅੰਤਰਗਤ ਉਨ੍ਹਾਂ ਸਾਰਿਆਂ ਗੁਣਾਂ ਅਤੇ ਕਰਤੱਵਾਂ ਦਾ ਸੰਕੇਤ ਮਿਲਦਾ ਹੈ, ਜੋ ਸਚਿਆਰ ਜਾਂ ਗੁਰਮੁਖ ਦੇ ਮੰਨੇ ਗਏ ਹਨ। ਸੁਹਾਗਣ ਪਦ ਆਦਰਸ਼-ਇਸਤਰੀ ਦਾ ਪ੍ਰਤੀਕ ਹੈ।

ਇਸ ਤੋਂ ਇਲਾਵਾ, ਖਿਮਾ, ਦਇਆ, ਦਾਨਾਈ, ਨਿਮ੍ਰਤਾ, ਪ੍ਰੇਮ ਦੀ ਭਾਵਨਾ ਆਦਰਸ਼ ਸਮਾਜਕ ਜੀਵਨ ਦੇ ਵਿਸ਼ੇਸ਼ ਲੱਛਣ ਮੰਨੇ ਜਾਂਦੇ ਹਨ। ਇਨ੍ਹਾਂ ਸਾਰਿਆਂ ਗੁਣਾਂ ਦੀ ਅਭਿਵਿਅਕਤੀ ਗੁਰਮੁਖ ਵਿਚ ਹੋ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਨਾਨਕ-ਬਾਣੀ ਦੇ ਆਦਰਸ਼ ਮਨੁੱਖ ਦੀ ਸ਼ਖ਼ਸੀਅਤ ਵਿਚ ਉਹ ਸਾਰੇ ਗੁਣ ਅਤੇ ਕਰਤੱਵ ਮੌਜੂਦ ਹਨ, ਜੋ ਉਸ ਦੇ ਨਿੱਜੀ ਜੀਵਨ ਵਿਚ ਉੱਤਮਤਾ ਪੈਦਾ ਕਰਨ ਅਤੇ ਸਮਾਜ ਦੀ ਭਲਾਈ ਲਈ ਸਾਰਥਿਕ ਹਨ।

ਗੁਰੂ ਨਾਨਕ ਬਾਣੀ ਵਿਚ ਮਨੁੱਖ ਦੇ ਜੀਵਨ ਲਈ ਅਰਥ (ਧਨ) ਦੀ ਮਹੱਤਤਾ ਹੈ। ਇਸ ਦੀ ਪ੍ਰਾਪਤੀ ਦੇ ਸਾਧਨਾਂ ਬਾਰੇ ਸਿੱਧੇ ਰੂਪ ਵਿਚ ਚਰਚਾ ਨਹੀਂ ਮਿਲਦੀ, ਪਰ ਬਾਣੀ ਵਿਚ ਪੇਸ਼ ਕੀਤੇ ਮਾਇਆਧਾਰੀ ਵਿਅਕਤੀ ਦਾ ਨੈਤਿਕ ਤੇ ਅਧਿਆਤਮਿਕ ਪਤਨ ਅਤੇ ਸੰਨਿਆਸ ਧਾਰ ਕੇ ਮੰਗ-ਖਾਣ ਦੀ ਪ੍ਰਥਾ ਦਾ ਨਿਖੇਧ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਜਿਵੇਂ, ਖਾਣ-ਪੀਣ, ਪਹਿਨਣ, ਰਹਿਣ-ਸਹਿਣ, ਆਦਿ ਨੂੰ ਪੂਰਾ ਕਰਨ ਲਈ ਧਨ-ਦੌਲਤ ਦੀ ਉਪਯੋਗਤਾ ਨੂੰ ਸਵੀਕਾਰ ਕੀਤਾ ਹੋਇਆ ਹੈ ਅਤੇ ਇਸ ਦੀ ਸੰਜਮ ਨਾਲ ਵਰਤੋਂ ਕਰਨ ਦੇ ਹਾਮੀ ਸਨ। ਇਸ ਬਾਰੇ ਡਾ. ਮਨਮੋਹਨ ਸਹਿਗਲ ਦਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਨਿਸ਼ਚੇ ਹੀ ਸਿਧਾਂਤਕ ਅਤੇ ਵਿਹਾਰਕ ਦ੍ਰਿਸ਼ਟੀ ਤੋਂ ਅਰਥ-ਸ਼ਾਸਤ੍ਰੀ ਰਚਨਾ ਨਹੀਂ। ਫੇਰ ਵੀ ਸਮਾਜ ਦਾ ਪੱਥ-ਪ੍ਰਦਰਸ਼ਨ ਅਤੇ ਤੱਤਕਾਲੀ ਪਰਿਸਥਿਤੀਆਂ ਵਿਚ ਦੂਰ ਤਕ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਸੰਤਾਂ-ਮਹਾਤਮਾਂ ਦੀ ਬਾਣੀ ਵਿਚ ਅਜਿਹੇ ਪ੍ਰਸੰਗਾਂ ਦਾ ਆਉਣਾ ਅਸੁਭਾਵਿਕ ਨਹੀਂ ਕਿਹਾ ਜਾ ਸਕਦਾ, ਜਿਸ ਦਾ ਪ੍ਰਤੱਖ ਸਮਾਜ-ਵਿਦਿਆ ਦੇ ਅੰਤਰਗਤ ਧਨ ਦੀ ਸੰਜਮ ਨਾਲ ਵਰਤੋਂ ਕਰਨ ਦੇ ਅਮਲੀ ਪੱਖ ਨਾਲ ਰਿਹਾ ਹੈ।

ਧਨ ਇਕ ਅਜਿਹਾ ਪਦਾਰਥ ਹੈ, ਜਿਸ ਦੀ ਲੋੜ ਹਰੇਕ ਸ਼੍ਰੇਣੀ ਨੂੰ ਰਹਿੰਦੀ ਹੈ। ਇਸ ਦੀ ਅਧਿਕਤਾ ਅਤੇ ਅਣਹੋਂਦ ਦੋਹਾਂ ਕਾਰਨਾਂ ਕਰਕੇ ਮਨੁੱਖ ਆਪਣਾ ਮਾਨਸਿਕ ਸੰਤੁਲਣ ਕਾਇਮ ਨਹੀਂ ਰੱਖ ਸਕਦਾ। ਧਨ ਦੀ ਅਧਿਕਤਾ ਮਨੁੱਖ ਨੂੰ ਹਉਮੈ ਵਿਚ ਪਾ ਦਿੰਦੀ ਹੈ ਅਤੇ ਅਣਹੋਂਦ ਕਾਰਨ ਉਸ ਨੂੰ ਭੁੱਖ-ਨੰਗ ਝਲਣੀ ਪੈਂਦੀ ਹੈ। ਦੋਵੇਂ ਗੱਲਾਂ ਮਨੁੱਖੀ ਜੀਵਨ ਦੇ ਵਿਕਾਸ ਵਿਚ ਰੋੜਾ ਬਣੀਆਂ ਹਨ। ਇਸੇ ਲਈ ਗੁਰੂ ਸਾਹਿਬ ਨੇ ਆਖਿਆ ਹੈ ਕਿ ਧਨ ਨਾਲ ਮੋਹ ਨਹੀਂ ਰੱਖਣਾ ਚਾਹੀਦਾ ਅਤੇ ਨਾ ਹੀ ਇਸ ਦਾ ਤਿਆਗ ਕਰਕੇ ਮਖੱਟੂ ਬਣਨਾ ਯੋਗ ਹੈ ਸਗੋਂ ਆਪਣੀ ਸਮਰੱਥਾ ਅਨੁਸਾਰ ਕੰਮ ਕਰਨ ਦੀ ਲੋੜ ਹੈ।

ਗੁਰੂ ਨਾਨਕ-ਬਾਣੀ ਦਾ ਆਦਰਸ਼ ਮਨੁੱਖ ਜੀਵਨ ਲਈ ਧਨ-ਦੌਲਤ ਦੀ ਮਹੱਤਤਾ ਨੂੰ ਜਾਣਦਾ ਹੋਇਆ, ਇਸ ਦੀ ਪ੍ਰਾਪਤੀ ਲਈ ਉੱਦਮ ਕਰਦਾ ਹੈ। ਉਹ ਭਲੀ-ਭਾਂਤ ਜਾਣਦਾ ਹੈ ਕਿ ਮਨੁੱਖ ਲਈ ਧਨ ਦੀ ਲੋੜ ਕੇਵਲ ਉਸ ਦੇ ਭੌਤਿਕ ਜੀਵਨ ਨੂੰ ਕਾਇਮ ਰੱਖਣ ਦੇ ਸਾਧਨ ਵਜੋਂ ਹੈ, ਨਾ ਕਿ ਤਰੌਰੀਆਂ ਭਰਨ ਜਾਂ ਸੰਸਾਰਿਕ ਪਦਾਰਥਾਂ ਨੂੰ ਇਕੱਠਾ ਕਰਕੇ ਆਪਣੀ ਵਡੱਤਣ ਨੂੰ ਜਤਲਾਉਣ ਲਈ।

ਗੁਰਮੁਖ ਆਪਣੇ ਜੀਵਨ ਦਾ ਪਲ ਪਲ ਕੀਮਤੀ ਜਾਣ ਕੇ ਆਪਣੇ ਮਨ ਨੂੰ ਪ੍ਰਭੂ ਵੱਲ ਰੱਖਦਾ ਹੈ। ਉਹ ਕੰਮ-ਕਾਰ ਕਰਦਾ ਹੈ, ਪਰ ਇਸ ਤੋਂ ਪ੍ਰਾਪਤ ਹੋਣ

ਵਾਲੀ ਹੈ ਉਸ ਨੂੰ ਮੋਹਿਤ ਨਹੀਂ ਕਰਦੀ। ਉਹ ਕੇਵਲ ਜੀਵਨ ਦੀਆਂ ਬੁਨਿਆਦੀ ਲੋੜਾਂ, ਸੰਜਮ ਨਾਲ ਖਾਣ-ਪੀਣ, ਸਾਦਾ-ਲਿਬਾਸ, ਸਾਫ਼ ਸੁਥਰਾ ਘਰ, ਆਦਿ ਦੀ ਕਾਮਨਾ ਕਰਦਾ ਹੈ। ਉਸ ਲਈ ਉੱਚੇ-ਉੱਚੇ ਮਹਿਲ, ਹੀਰੇ ਜਵਾਹਰਾਤ, ਸੋਨੇ-ਚਾਂਦੀ ਦੇ ਗਹਿਣੇ ਪ੍ਰਤੀ ਲਿਬਾਸ, ਹਾਥੀ ਘੋੜਿਆਂ ਦੀ ਸਵਾਰੀ, ਗੱਲ ਕੀ ਐਸ਼-ਆਰਾਮ ਦੇ ਸਾਧਨ, ਉਸ ਦੀ ਦ੍ਰਿਸ਼ਟੀ ਵਿਚ ਤੁੱਛ ਹਨ।

ਗੁਰੂ ਨਾਨਕ-ਬਾਣੀ ਵਿਚ ਗੁਰਮੁਖ ਲਈ ਕਿਸੇ ਵਿਸ਼ੇਸ਼ ਕਿੱਤੇ ਦਾ ਵਰਨਣ ਨਹੀਂ ਹੁੰਦਾ, ਜਿਵੇਂ ਕਿ ਹਿੰਦੂ ਵਿਚਾਰਧਾਰਾ ਵਿਚ ਹੈ, ਜਿਸ ਦੇ ਅਨੁਸਾਰ ਕੰਮ ਜਾਂ ਕਿੱਤੇ ਦੇ ਅਧਾਰ ਉਤੇ ਮਨੁੱਖੀ ਵੰਡ ਕਲਪੀ ਗਈ ਹੈ। ਗੁਰਮੁਖ ਦੀ ਦ੍ਰਿਸ਼ਟੀ ਵਿਚ ਧਨ ਕਮਾਉਣ ਲਈ ਕੋਈ ਵੀ ਕੰਮ ਮਾੜਾ ਨਹੀਂ, ਕਿਸੇ ਕਿੱਤੇ ਨਾਲ ਉਸ ਦੀ ਮਾਣ-ਮਰਿਯਾਦਾ ਵਿਚ ਫਰਕ ਨਹੀਂ ਪੈਂਦਾ। ਉਸ ਦੀ ਦ੍ਰਿਸ਼ਟੀ ਵਿਚ ਉਹ ਕੰਮ ਜਾਂ ਸਾਧਨ ਬੁਰੇ ਹਨ, ਉਨ੍ਹਾਂ ਦੁਆਰਾ ਦੂਜਿਆਂ ਨੂੰ ਦੁੱਖ ਪਹੁੰਚਦਾ ਹੈ। ਇਸ ਲਈ ਉਹ ਮਾਲੀ ਅਤੇ ਸਰੀਰਕ ਸਮਰੱਥਾ ਅਨੁਸਾਰ ਧਨ ਕਮਾਉਣ ਦੇ ਸਾਧਨ ਅਪਨਾਉਂਦਾ ਹੈ। ਅਤੇ ਇਸ ਬਾਰੇ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਬਿਨਾਂ ਸੋਚ-ਵਿਚਾਰ ਕੰਮ ਕਰਨਾ ਲਾਭਦਾਇਕ ਸਿੱਧ ਨਹੀਂ ਹੁੰਦਾ।

ਗੁਰਮੁਖ ਧਨ ਦੀ ਵਰਤੋਂ ਬੜੀ ਸੰਜਮ ਨਾਲ ਕਰਦਾ ਹੈ। ਉਹ ਕੇਵਲ ਨਿੱਜੀ ਸੁੱਖ ਮੁੱਖ ਨਹੀਂ ਰੱਖਦਾ ਸਗੋਂ ਆਪਣੀ ਸਮਰੱਥਾ ਅਨੁਸਾਰ ਸਮਾਜ ਦੀ ਸੇਵਾ ਵਿਚ ਹਿੱਸਾ ਪਾਉਂਦਾ ਹੈ। ਉਹ ਆਪਣੀ ਕਮਾਈ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਦਾ ਹੈ। ਗੁਰਮੁਖ ਨੂੰ ਸਮਾਜ ਵਿਚ ਹੁੰਦੀ ਕਾਣੀ ਵੰਡ ਦੁੱਖੀ ਕਰਦੀ ਹੈ। ਉਸ ਦਾ ਹਰ ਵੇਲੇ ਇਹ ਮਨ ਕਹਿੰਦਾ ਹੈ ਕਿ ਉਹ ਸੰਸਾਰਿਕ ਖਿੱਚਾਂ ਵਿਚ ਉਲਝੇ ਮਨੁੱਖਾਂ ਨੂੰ ਧਨ-ਦੌਲਤ ਦੀ ਸਮਾਨਤਾ ਦਾ ਬੋਧ ਕਰਵਾ ਕੇ ਮਨੁੱਖੀ ਕਰਤੱਵ ਨੂੰ ਪਛਾਣਨ ਲਈ ਪ੍ਰੇਰੇ।

ਗੁਰੂ ਨਾਨਕ ਸਾਹਿਬ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਸਨ ਕਿ ਕਾਮ-ਬਿਰਤੀ ਮਨੁੱਖ ਦੀ ਸੁਭਾਵਿਕ ਬਿਰਤੀ ਹੈ। ਮਨੁੱਖ ਇਸ ਦੇ ਵਾਰ ਤੋਂ ਬਚ ਨਹੀਂ ਸਕਦਾ, ਚਾਹੇ ਉਹ ਸੰਸਾਰ ਤੋਂ ਵਿਰੱਕਤ ਹੋ ਜਾਵੇ। ਇਸ ਲਈ ਉਹ ਕਾਮ-ਬਿਰਤੀ ਦਾ ਦਮਨ ਨਹੀਂ, ਸਗੋਂ ਉਸ ਨੂੰ ਸੰਜਮ ਵਿਚ ਰੱਖਣ ਦੇ ਹਾਮੀ ਸਨ। ਇਸੇ ਲਈ ਗੁਰੂ ਨਾਨਕ-ਬਾਣੀ ਵਿਚ ਗ੍ਰਿਹਸਥ ਮਾਰਗ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ। ਕਿਉਂਕਿ ਇਸ ਮਾਰਗ ਵਿਚ ਮਨੁੱਖ ਭੋਗ ਅਤੇ ਜੋਗ ਦੋਹਾਂ ਜੀਵਨ ਰੁਚੀਆਂ ਦੀ ਵਰਤੋਂ ਕਰ ਸਕਦਾ ਹੈ। ਇਸ ਤਰ੍ਹਾਂ ਉਸ ਦੀਆਂ ਸੁਭਾਵਕ ਲੋੜਾਂ ਦੀ ਪੂਰਤੀ ਹੋ ਜਾਂਦੀ ਹੈ ਅਤੇ ਮਨ ਸੰਜਮ ਵਿਚ ਰਹਿੰਦਾ ਹੈ।

ਕਾਮ ਦਾ ਦੂਜਾ ਅਰਥ ਹੈ, ਕਾਮਨਾਵਾਂ ਤੇ ਇੱਛਾਵਾਂ। ਮਨੁੱਖ ਦੇ ਮਨ ਵਿਚ ਅਨੇਕ ਤਰ੍ਹਾਂ ਦੀਆਂ ਕਾਮਨਾਵਾਂ ਤੇ ਇੱਛਾਵਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਖ਼ਾਤਰ ਉਹ ਹਰ ਵੇਲੇ ਯਤਨਸ਼ੀਲ ਰਹਿੰਦਾ ਹੈ, ਪਰ ਇਨ੍ਹਾਂ ਕਾਮਨਾਵਾਂ ਅਤੇ ਇੱਛਾਵਾਂ ਨੂੰ ਪੂਰਾ ਕਰਨਾ ਮਨੁੱਖ ਲਈ ਸੰਭਵ ਨਹੀਂ। ਕਿਉਂਕਿ ਜਿਉਂ ਜਿਉਂ ਮਨੁੱਖ ਇਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕਰਦਾ ਹੈ, ਇਨ੍ਹਾਂ ਦੀ ਤ੍ਰਿਸ਼ਨਾ ਹੋਰ ਵੱਧਦੀ ਜਾਂਦੀ ਹੈ। ਇਸੇ ਲਈ ਤ੍ਰਿਸ਼ਨਾ ਨੂੰ ਅਮਿੱਟ ਆਖਿਆ ਗਿਆ ਹੈ। ਲੋਭ, ਮੋਹ, ਕ੍ਰੋਧ, ਹਉਮੈ ਅਤੇ ਈਰਖਾ ਆਦਿ ਮਨੋਵਿਕਾਰਾਂ ਦਾ ਮੂਲ ਤ੍ਰਿਸ਼ਨਾ ਹੀ ਹੈ। ਇਸੇ ਲਈ ਮਹਾਤਮਾ ਬੁੱਧ ਨੇ ਤ੍ਰਿਸ਼ਨਾ ਨੂੰ ਦੁੱਖਾਂ ਦਾ ਮੂਲ ਮੰਨਿਆ ਹੈ। ਉਪਰਲੇ ਤੱਥ ਨੂੰ ਗੁਰੂ ਨਾਨਕ ਬਾਣੀ ਵਿਚ ਸਵੀਕਾਰਿਆ ਗਿਆ ਹੈ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਮਾਨਸਿਕ ਅਤੇ ਸਰੀਰਿਕ ਸੁੱਖ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣੀਆਂ ਇੱਛਾਵਾਂ ਤੇ ਕਾਮਨਾਵਾਂ ਸੀਮਿਤ ਰੱਖਣੀਆਂ ਚਾਹੀਦੀਆਂ ਹਨ, ਕਿਉਂਕਿ ਇੰਦ੍ਰੀਆਂ ਵਿਸ਼ਿਆਂ ਦੀ ਤ੍ਰਿਪਤੀ ਨਾਲ ਕਦੇ ਰੱਜ ਨਹੀਂ ਸਕਦੀਆਂ, ਸਗੋਂ ਇਨ੍ਹਾਂ ਦੀ ਭੁੱਖ ਹੋਰ ਵੱਧਦੀ ਰਹਿੰਦੀ ਹੈ। ਇਨ੍ਹਾਂ ਦੀ ਬੇ-ਲਗਾਮ ਵਰਤੋਂ ਨਾਲ ਮਨੁੱਖ ਦੇ ਸਰੀਰ ਵਿਚ ਰੋਗ

ਉਤਪੰਨ ਹੁੰਦੇ ਹਨ ਅਤੇ ਮਨ ਵਿਕਾਰਾਂ ਵੱਲ ਦੌੜਦਾ ਹੈ। ਇਸੇ ਲਈ ਜੀਵਨ ਦੀਆਂ ਲੋੜਾਂ ਦੀ ਪੂਰਤੀ ਦੇ ਸਾਧਨਾਂ ਨੂੰ ਸੰਜਮ ਨਾਲ ਵਰਤਣ ਲਈ ਆਖਿਆ ਹੈ। ਉਨ੍ਹਾਂ ਅਨੁਸਾਰ ਸੰਸਾਰ ਦਾ ਕੋਈ ਪਦਾਰਥ ਬੁਰਾ ਨਹੀਂ ਪਰੰਤੂ ਮਨੁੱਖ ਦਾ ਇਹ ਕਰਤੱਵ ਹੈ ਕਿ ਉਹ ਕਿਸੇ ਪਦਾਰਥ ਨੂੰ ਵਰਤੋਂ ਵਿਚ ਲਿਆਉਣ ਤੋਂ ਪਹਿਲਾਂ ਸੋਚ ਲਵੇ ਕਿ ਇਹ ਉਸ ਦੇ ਤਨ ਤੇ ਮਨ ਨੂੰ ਸੁਸਥ ਅਤੇ ਪਵਿੱਤਰ ਰੱਖਣ ਦੇ ਯੋਗ ਹਨ ਜਾਂ ਨਹੀਂ।

ਗੁਰੂ ਨਾਨਕ ਦਾ ਆਦਰਸ਼ ਮਨੁੱਖ ਕਾਮ ਨੂੰ ਜੀਵਨ ਦੀ ਬੁਨਿਆਦੀ ਤੇ ਸੁਭਾਵਿਕ ਬਿਰਤੀਆਂ ਦੀ ਤ੍ਰਿਪਤੀ ਦਾ ਸਾਧਨ ਸਮਝਦਾ ਹੋਇਆ ਇਸ ਦਾ ਸੰਜਮ ਨਾਲ ਸੇਵਨ ਵਿਸ਼ੇਸ਼ ਸਾਧਨ ਸਮਝਦਾ ਹੈ। ਇਸੇ ਲਈ ਗ੍ਰਿਹਸਥੀ ਦੇ ਰੂਪ ਵਿਚ ਵਿਚਰਦਾ ਹੈ। ਉਹ ਇਸ ਗੱਲ ਨੂੰ ਭਲੀ ਭਾਂਤ ਜਾਣਦਾ ਹੈ ਕਿ ਗ੍ਰਹਿਸਥ ਵਿਚ ਪੈ ਕੇ ਮਨੁੱਖ ਦਾ ਆਪਣੇ ਪਰਿਵਾਰ ਨਾਲ ਮੋਹ ਪੈ ਜਾਣਾ ਸੁਭਾਵਿਕ ਹੈ ਤੇ ਇਹ ਮੋਹ ਉਸ ਲਈ ਬੰਧਨ ਦਾ ਕਾਰਣ ਵੀ ਬਣਦਾ ਹੈ। ਇਸੇ ਲਈ ਗੁਰਮੁੱਖ ਪਰਿਵਾਰਕ ਸੰਬੰਧਾਂ ਪ੍ਰਤੀ ਆਪਣੇ ਕਰਤੱਵਾਂ ਨੂੰ ਨਿਭਾਉਂਦਾ ਹੋਇਆ, ਇਨ੍ਹਾਂ ਦੇ ਮੋਹ ਤੋਂ ਨਿਰਲੇਪ ਰਹਿਣ ਦਾ ਯਤਨ ਕਰਦਾ ਹੈ।

ਇਸੇ ਤਰ੍ਹਾਂ ਗੁਰਮੁਖ ਦੀ ਦ੍ਰਿਸ਼ਟੀ ਵਿਚ ਭੌਤਿਕ ਵਸਤਾਂ, ਮਹਿਲ ਮਾੜੀਆਂ, ਸੁੰਦਰ ਇਸਤਰੀਆਂ, ਆਦਿ ਹਰ ਆਕਰਸ਼ਿਤ ਕਰਨ ਵਾਲੇ ਪਦਾਰਥ ਤੁੱਛ ਹਨ। ਕਿਉਂਕਿ ਉਸ ਨੂੰ ਇਸ ਗੱਲ ਦਾ ਅਨੁਭਵ ਹੈ ਕਿ ਇਨ੍ਹਾਂ ਵਿਚੋਂ ਪ੍ਰਾਪਤ ਹੋਣ ਵਾਲਾ ਸੁੱਖ ਅਸਥਾਈ ਹੈ। ਇਸੇ ਤਰ੍ਹਾਂ ਉਸ ਨੂੰ ਸੰਸਾਰੀ ਗੀਤ, ਵਾਜੇ, ਰੰਗ ਤਮਾਸ਼ੇ, ਜੀਭ-ਰਸ ਲਈ ਖਾਣ-ਪੀਣ, ਸਰੀਰ ਨੂੰ ਸਜਾਉਣ ਲਈ ਹਾਰ-ਸ਼ਿੰਗਾਰ, ਸੁਗੰਧੀਆਂ, ਆਦਿ ਨਾਲ ਪ੍ਰੇਮ ਨਹੀਂ ਹੁੰਦਾ। ਉਹ ਆਪਣੇ ਮਨ ਅਤੇ ਤਨ ਨੂੰ ਹਰੀ ਗੁਣਾਂ ਨਾਲ ਸ਼ਿੰਗਾਰਦਾ ਹੈ। ਉਸ ਨੂੰ ਆਪਣੇ ਮਨ ਉਤੇ ਪੂਰਨ ਵਸੀਕਾਰ ਹੁੰਦਾ ਹੈ। ਉਸ ਦੇ ਮਨ ਵਿਚ ਈਰਖਾ ਦੇ ਬਦਲੇ ਪਿਆਰ, ਤ੍ਰਿਸ਼ਨਾ ਬਦਲੇ ਸੰਜਮ ਅਤੇ ਹਉਮੈ ਦੇ ਬਦਲੇ ਪਰਉਪਕਾਰ ਦੀ ਭਾਵਨਾ ਵਧੇਰੇ ਪ੍ਰਬਲ ਹੁੰਦੀ ਹੈ। ਇਸੇ ਤਰ੍ਹਾਂ ਗੁਰਮੁਖ ਸੰਸਾਰ ਵਿਚ ਵਿਚਰਦਾ ਹੋਇਆ, ਇਸ ਦੇ ਰੰਗ-ਤਮਾਸ਼ੇ ਵੇਖਦਾ ਹੋਇਆ ਕਮਲ ਫੁੱਲ ਵਾਂਗ ਇਸ ਦੇ ਮੋਹ ਜਾਲ ਤੋਂ ਨਿਰਲੇਪ ਰਹਿੰਦਾ ਹੈ। ਏਹੀ ਗੁਰੂ ਨਾਨਕ ਦੇ ਆਦਰਸ਼ ਮਨੁੱਖ ਦੀ ਵਿਲੱਖਣਤਾ ਹੈ, ਜਿਹੜੀ ਉਸ ਨੂੰ ਬਾਕੀ ਧਰਮਾਂ ਦੇ ਕਲਪ ਆਦਰਸ਼ ਮਨੁੱਖ ਤੋਂ ਵੱਖਰਿਆਉਂਦੀ ਹੈ।

ਭਾਰਤੀ ਦਰਸ਼ਨਾਂ ਵਾਂਗ ਗੁਰੂ ਨਾਨਕ-ਬਾਣੀ ਵਿਚ ਮੋਖ ਨੂੰ ਜੀਵਨ ਦਾ ਪਰਮ ਮੁੱਲ ਮੰਨਿਆ ਗਿਆ ਹੈ। ਵਿਉਤਪੱਤੀ ਦੇ ਪੱਖ ਤੋਂ ਮੋਖ ਨੂੰ ਇਕ ਐਸੀ ਅਵਸਥਾ ਮੰਨਿਆ ਜਾਂਦਾ ਹੈ, ਜਿਸ ਨੂੰ ਪ੍ਰਾਪਤ ਕਰਕੇ ਮਨੁੱਖ ਸਾਰਿਆਂ ਦੁੱਖਾਂ ਤੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਵਿਵੇਕ ਚੂੜਾਮਣਿ ਅਨੁਸਾਰ ਆਪਣੇ ਸਰੂਪ ਦੇ ਗਿਆਨ ਦੁਆਰਾ ਅਹੰਕਾਰ ਤੋਂ ਲੈ ਕੇ ਦੇਹ ਤਕ ਸਮਸਤ ਅਗਿਆਨ ਕਲਪਿਤ ਬੰਧਨਾਂ ਨੂੰ ਤਿਆਗਣਾ ਮੁਕਤੀ (ਮੁਮੁਖਸ਼ਤਾ) ਹੈ। ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਦਾ ਕਥਨ ਹੈ ਕਿ 'ਅਗਯਾਨ ਕਲਪਿਤ ਬੰਧਨਾਂ ਤੋਂ ਛੁਟਕਾਰੇ ਦਾ ਨਾਂ ਮੁਕਤੀ ਹੈ, ਜਿਸ ਦੀ ਪ੍ਰਾਪਤੀ ਗੁਰੂ ਸ਼ਬਦ ਦੇ ਵਿਚਾਰ ਦੁਆਰਾ ਆਤਮ-ਗਿਆਨ ਕਰਕੇ ਹੁੰਦੀ ਹੈ। ਉੱਪਰ ਵਰਣਨ ਅਰਥਾਂ ਵਿਚ ਮਨੁੱਖ ਲਈ ਮੋਖ ਉਹ ਅਵਸਥਾ ਮੰਨੀ ਜਾ ਸਕਦੀ ਹੈ, ਜਿਸ ਵਿਚ ਜੀਉਂਦੇ ਜੀਅ ਮਨੁੱਖ ਉਨ੍ਹਾਂ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ, ਜਿਹੜੇ ਉਸ ਨੂੰ ਆਪਣੇ ਮੂਲ ਵਿਚ ਅਭੇਦ ਹੋਣ ਵਿਚ ਰੁਕਾਵਟ ਪੈਦਾ ਕਰਦੇ ਹਨ ਅਤੇ ਕਰਮਗਤੀ ਵਿਚ ਪਾਉਂਦੇ ਹਨ। ਗੁਰੂ ਨਾਨਕ-ਬਾਣੀ ਵਿਚ ਮੋਖ ਇਨ੍ਹਾਂ ਅਰਥਾਂ ਵਿਚ ਲਿਆ ਗਿਆ ਹੈ।

ਗੁਰੂ ਨਾਨਕ-ਬਾਣੀ ਅਨੁਸਾਰ ਮਨੁੱਖ ਆਪਣੇ ਕੀਤੇ ਕਰਮਾਂ ਕਾਰਨ ਬੰਧਨਾਂ ਵਿਚ ਪੈਂਦਾ ਹੈ। ਸੰਸਾਰ ਵਿਚ ਜਿਹੋ ਜਿਹੇ ਉਹ ਕਰਮ ਕਰਦਾ ਹੈ, ਉਨ੍ਹਾਂ ਦੇ ਸੰਸਕਾਰ ਉਸ ਦੀ ਆਤਮਾ ਨਾਲ ਜਾਂਦੇ ਹਨ ਅਤੇ ਇਹ ਹੀ ਉਸ ਨੂੰ ਕਰਮਗਤੀ ਵਿਚ ਪਾਉਂਦੇ ਹਨ।

ਗੁਰੂ ਸਾਹਿਬ ਦਾ ਵਿਚਾਰ ਹੈ ਕਿ ਹਰੇਕ ਕਰਮ ਬੰਧਨ ਦਾ ਕਾਰਨ ਨਹੀਂ ਬਣਦਾ। ਇੱਛਾ ਰਹਿਤ ਅਤੇ ਅਧਿਆਤਮਿਕ ਕਰਮ ਮੋਖ-ਪ੍ਰਾਪਤੀ ਦੇ ਸਾਧਨ ਹਨ, ਪਰ ਤ੍ਰਿਬਿਧ ਕਰਮ ਜਾਂ ਹਉਮੈ ਭਾਵਨਾ ਨਾਲ ਕੀਤੇ ਕਰਮ ਹੀ ਮਨੁੱਖ ਨੂੰ ਅਜਿਹਾ ਫਲ ਦਿੰਦੇ ਹਨ।

ਮਨੁੱਖ ਨੂੰ ਇਨ੍ਹਾਂ ਕਰਮਾਂ ਵੱਲ ਲਾਉਣ ਵਾਲਾ ਉਸ ਦਾ ਆਪਣਾ ਮਨ ਹੀ ਹੁੰਦਾ ਹੈ। ਕਿਉਂਕਿ ਮਨ ਆਪਣੀ ਪ੍ਰਕਿਰਤੀ ਕਾਰਨ ਸੰਸਾਰ ਦੀ ਬਹੁਰੰਗੀ ਮਾਇਆ ਨੂੰ ਵੇਖ ਕੇ ਡੋਲ ਜਾਂਦਾ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਯਤਨ ਕਰਦਾ ਹੈ। ਇਸ ਤਰ੍ਹਾਂ ਮਨੁੱਖ ਦੇ ਮਨ ਵਿਚ ਹਉਮੈ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਉਹ ਦੁਬਿਧਾ ਵਿਚ ਫਸ ਕੇ ਸੰਸਾਰ ਨਾਲ ਆਪਣਾ ਰਿਸ਼ਤਾ ਜੋੜ ਲੈਂਦਾ ਹੈ ਅਤੇ ਉਸ ਉਤੇ ਕਾਬਜ਼ ਹੋਣ ਲਈ ਦੂਜਿਆਂ ਪਾਸੋਂ ਖੋਹਾ-ਖੋਹੀ ਕਰਨਾ ਆਪਣਾ ਹੱਕ ਸਮਝਣ ਲੱਗ ਪੈਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਉਸ ਦੇ ਮਨ ਵਿਚ ਵਿਕਾਰ ਪੈਦਾ ਹੋ ਜਾਂਦੇ ਹਨ, ਜੋ ਉਸ ਨੂੰ ਸੰਸਾਰ ਵੱਲ ਉਲਝਾਈ ਰੱਖਦੇ ਹਨ। ਇਸ ਤਰ੍ਹਾਂ ਉਹ ਮੂਲ ਉਦੇਸ਼ ਦੀ ਪ੍ਰਾਪਤੀ ਬਾਰੇ ਸੋਚ ਵੀ ਨਹੀਂ ਸਕਦਾ ਅਤੇ ਵਿਅਰਥ ਜੀਵਨ ਗੁਜ਼ਾਰ ਕੇ ਸੰਸਾਰ ਤੋਂ ਕੂਚ ਕਰ ਜਾਂਦਾ ਹੈ।

ਭਾਰਤੀ ਧਾਰਮਿਕ ਪਰੰਪਰਾ ਵਿਚ ਮਨੁੱਖ ਨੂੰ ਇਨ੍ਹਾਂ ਭਰਮ-ਭੁਲੇਖਿਆਂ ਵਿਚੋਂ ਕੱਢਣ ਲਈ ਕਈ ਮਾਰਗ ਨਿਰਧਾਰਿਤ ਕੀਤੇ ਗਏ ਹਨ ਜਿਵੇਂ—ਯੋਗ, ਭਗਤੀ, ਗਿਆਨ, ਕਰਮ ਆਦਿ। ਸਮੇਂ-ਸਮੇਂ ਇਨ੍ਹਾਂ ਦਾ ਪ੍ਰਯੋਗ ਵੀ ਹੁੰਦਾ ਰਿਹਾ ਪਰੰਤੂ ਇਹ ਸਾਰੇ ਯਤਨ ਨਿਸਫਲ ਹੀ ਸਾਬਤ ਹੋ ਰਹੇ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਇਸ ਜਿੱਲਣ ਵਿਚੋਂ ਕੱਢਣ ਲਈ ਪੂਰਵ ਨਿਰਧਾਰਿਤ ਮਾਰਗਾਂ ਦਾ ਸਮਨਵੈ ਕਰਕੇ ਇਕ ਨਵਾਂ ਅਤੇ ਨਿਵੇਕਲਾ ਮਾਰਗ ਦੱਸਿਆ, ਜਿਸ ਨੂੰ ਨਾਮ-ਮਾਰਗ ਕਿਹਾ ਜਾਂਦਾ ਹੈ।

ਗੁਰੂ ਨਾਨਕ-ਬਾਣੀ ਵਿਚ ਨਾਮ-ਮਾਰਗ ਤੋਂ ਭਾਵ ਹੈ, ਨਾਮ ਜਪਣਾ ਅਤੇ ਸਿਮਰਨਾ। ਜਪਣ ਦਾ ਅਰਥ ਹੈ, ਦੁਹਰਾਣਾ। ਗੁਰੂ ਨਾਨਕ ਸਾਹਿਬ ਅਨੁਸਾਰ ਜਪ ਦਾ ਭਾਵ ਮਸ਼ੀਨੀ ਦੁਹਰਾਉ ਨਹੀਂ ਹੈ, ਜੋ ਮਾਲਾ ਦੀ ਸਹਾਇਤਾ ਨਾਲ ਆਮ ਕੀਤਾ ਜਾਂਦਾ ਹੈ। ਗੁਰੂ ਸਾਹਿਬ ਜਪ ਦੀ ਕ੍ਰਿਆ ਨੂੰ ਉਸੇ ਹਾਲਤ ਵਿਚ ਠੀਕ ਮੰਨਦੇ ਹਨ, ਜੋ ਉੱਚਾ ਹੈ ਸ਼ਬਦ ਨੂੰ ਮਨ ਵਿਚ ਵਸਾਇਆ ਜਾਵੇ। ਇਸ ਅਰਥ ਵਿਚ ਨਾਮ-ਜਪ ਤੋਂ ਭਾਵ ਨਾਮ-ਸਿਮਰਨੀ ਹੀ ਲਿਆ ਗਿਆ ਹੈ ਅਤੇ ਇਸ ਢੰਗ ਨਾਲ ਸ਼ਬਦ ਮਨ ਵਿਚ ਵਸਾਇਆ ਜਾਂਦਾ ਹੈ, ਉਹ ਧਿਆਨ ਹੈ। ਉਹ ਧਿਆਨ ਪਰਮਾਤਮਾ ਦੀ ਪ੍ਰਕਿਰਤੀ ਅਤੇ ਉਸ ਦੇ ਲੱਛਣਾਂ ਦਾ ਹੈ, ਜਿਨ੍ਹਾਂ ਦਾ ਸ਼ਬਦ ਰਾਹੀਂ ਪ੍ਰਕਾਸ਼ ਹੁੰਦਾ ਹੈ। ਇਸ ਤਰ੍ਹਾਂ ਪਰਮਾਤਮਾ ਦੀ ਪ੍ਰਕਿਰਤੀ ਅਤੇ ਉਸ ਦੇ ਗੁਣਾਂ ਦਾ ਧਿਆਨ ਹੀ ਗੁਰੂ ਨਾਨਕ ਦੀ ਧਰਮ-ਸਾਧਨਾ ਦਾ ਮੂਲ ਹੈ।

ਗੁਰੂ ਨਾਨਕ-ਬਾਣੀ ਦਾ ਗੁਰਮੁਖ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਪਰਮਾਤਮਾ ਨਾਲ ਅਭੇਦ ਹੋਇਆ ਵਿਅਕਤੀ ਹੈ। ਸੰਸਾਰਿਕ ਬੰਧਨਾਂ ਤੋਂ ਮੁਕਤ ਹੋਣ ਦਾ ਭਾਵ ਇਹ ਨਹੀਂ ਕਿ ਉਹ ਜੋਗੀਆਂ, ਸੰਨਿਆਸੀਆਂ ਵਾਂਗ ਘਰ-ਬਾਰ ਤਿਆਗ ਕੇ ਜੰਗਲਾਂ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਜਾ ਬੈਠਦਾ ਹੈ, ਸਗੋਂ ਸੰਸਾਰ ਵਿਚ ਵਿਚਰਦਾ ਹੈ, ਇਸ ਦੇ ਕਾਰ-ਵਿਹਾਰ ਵਿਚ ਹਿੱਸਾ ਪਾਉਂਦਾ ਹੈ, ਪਰੰਤੂ ਉਹ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਇਹ ਉਸ ਦੀ ਸ਼ਖ਼ਸੀਅਤ ਦਾ ਵਿਸ਼ੇਸ਼ ਗੁਣ ਹੈ। ਇਹ ਜੁਗਤੀ ਉਸ ਨੇ ਨਾਮ ਸਿਮਰਨ ਅਤੇ ਉਸ ਨੂੰ ਮਨ ਵਿਚ ਵਸਾਉਣ ਨਾਲ ਸਿੱਖੀ ਹੈ। ਨਾਮ-ਸਿਮਰਨ ਨਾਲ ਨਾਮੀ ਦੇ ਹੁਕਮ ਦੀ ਪਛਾਣ ਹੁੰਦੀ ਹੈ। ਉਸ ਦੇ ਗੁਣਾਂ ਦਾ ਪਤਾ ਲੱਗਦਾ ਹੈ। ਗੁਰਮੁਖ ਨਾਮ ਦੇ ਗੁਣਾਂ ਅਨੁਸਾਰ ਆਪਣਾ ਜੀਵਨ ਢਾਲਦਾ ਹੈ ਅਤੇ ਆਪਣੀ 'ਹਉਂ' ਨੂੰ ਰੱਬੀ ਹੁਕਮ ਵਿਚ ਅਭੇਦ ਕਰ ਲੈਂਦਾ ਹੈ।

ਗੁਰਮੁਖ ਵਿਵੇਕ ਬੁੱਧੀ ਵਾਲਾ ਵਿਅਕਤੀ ਹੁੰਦਾ ਹੈ। ਉਹ ਜਾਣਦਾ ਹੈ ਕਿ ਧਨ-ਜੋਬਨ ਅਤੇ ਹੋਰ ਸੰਸਾਰਿਕ ਸਾਧਨ ਉਸ ਨੂੰ ਸਦੀਵੀਂ ਸੁੱਖ ਨਹੀਂ ਦੇ

ਸਕਦੇ। ਇਸ ਲਈ ਇਨ੍ਹਾਂ ਸੁੱਖਾਂ ਦੀ ਭਟਕਣਾ ਵਿਚ ਵਿਆਕੁਲ ਨਹੀਂ ਹੁੰਦਾ। ਉਹ ਇਸ ਸੰਸਾਰ ਨੂੰ ਧਰਮਸ਼ਾਲ ਸਮਝਦਾ ਹੋਇਆ ਆਪਣੇ ਮਨੁੱਖੀ ਕਰਤੱਵਾਂ ਨੂੰ ਪਹਿਲ ਦਿੰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹੀ ਸਤਿ ਕਰਮ ਉਸ ਲਈ ਲੋਕ-ਪ੍ਰਲੋਕ ਵਿਚ ਸਹਾਈ ਬਣਦੇ ਹਨ। ਉਹ ਕੇਵਲ ਨਿੱਜ ਮੁਕਤੀ ਦਾ ਅਭਿਲਾਸ਼ੀ ਨਹੀਂ ਹੁੰਦਾ, ਸਗੋਂ ਸਮੁੱਚੇ ਭਾਈਚਾਰੇ ਨੂੰ ਵੀ ਇਸ ਦਿਸ਼ਾ ਵਿਚ ਵੇਖਣ ਦਾ ਚਾਹਵਾਨ ਹੁੰਦਾ ਹੈ। ਇਸ ਲਈ ਉਹ ਦੂਜਿਆਂ ਨੂੰ ਚੰਗੇ ਕਰਮ ਕਰਨ ਦੀ ਸਿੱਖਿਆ ਦਿੰਦਾ ਹੈ।

ਗੁਰਮੁਖ ਜਾਣਦਾ ਹੈ ਕਿ ਬ੍ਰਹਿਮੰਡੀ ਚੇਤਨਾ ਪ੍ਰਾਪਤ ਕਰਨ ਤੋਂ ਬਿਨਾਂ ਤਪ-ਤਿਆਗ ਜਾਂ ਹੋਰ ਜਤਨ ਵਿਅਰਥ ਜਾਂਦੇ ਹਨ। ਇਸ ਲਹੀ ਉਹ ਆਤਮਗਤ ਚੇਤਨਾ ਦੇ ਸੀਮਿਤ ਘੇਰੇ ਵਿਚੋਂ ਨਿਕਲਣ ਦਾ ਯਤਨ ਕਰਦਾ ਹੈ ਅਤੇ ਬ੍ਰਹਿਮੰਡੀ ਚੇਤਨਾ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਉਸ ਨੂੰ ਸਾਰਾ ਸੰਸਾਰ ਇਕ ਘਰ ਵਾਂਗ ਜਾਪਣ ਲੱਗ ਪੈਂਦਾ ਹੈ ਅਤੇ ਉਸ ਵਿਚ ਵੱਸਦੇ ਜੀਅ-ਜੰਤ ਵਿਚੋਂ ਇੱਕੋ ਜੋਤ ਨਜ਼ਰ ਆਉਂਦੀ ਹੈ।

ਉਪਰਲੇ ਵਿਚਾਰ ਤੋਂ ਉਪਰੰਤ ਅਸੀਂ ਆਖ ਸਕਦੇ ਹਾਂ ਕਿ ਗੁਰੂ ਨਾਨਕ-ਬਾਣੀ ਦਾ ਆਦਰਸ਼ ਮਨੁੱਖ ਦੈਵੀ ਗੁਣ ਸੰਪੰਨ ਹੁੰਦਾ ਹੈ ਅਤੇ ਆਪਣੇ ਭਾਈਚਾਰੇ ਨੂੰ ਵੀ ਇਨ੍ਹਾਂ ਗੁਣਾਂ ਦੀ ਪਛਾਣ ਕਰਾਉਣ ਦੀ ਵਿਧੀ ਸਿਖਾਉਂਦਾ ਹੈ। ਉਹ ਇੱਕ ਸਮੇਂ ਕਿਰਤੀ ਵੀ ਹੁੰਦਾ ਹੈ ਤੇ ਭਗਤ ਵੀ, ਗ੍ਰਹਿਸਥੀ ਵੀ ਹੁੰਦਾ ਹੈ ਅਤੇ ਆਤਮ-ਗਿਆਨੀ ਵੀ। ਇਹ ਜੁਗਤੀ ਉਸ ਨੇ 'ਸਹਜ' ਜੀਵਨ-ਜਾਚ ਪੱਧਤੀ ਅਨੁਸਾਰ ਆਪਣੇ ਆਪ ਨੂੰ ਢਾਲਣ ਨਾਲ ਸਿੱਖੀ ਹੈ। ਅਸੀਂ ਇਹ ਗੱਲ ਵਿਸ਼ਵਾਸ ਨਾਲ ਆਖ ਸਕਦੇ ਹਾਂ ਕਿ ਅਜੋਕਾ ਮਨੁੱਖ, ਜੋ ਭਟਕਣਾ, ਨਿਰਾਸ਼ਾ ਅਤੇ ਦਿਸ਼ਾਹੀਣਤਾ ਜਿਹੀ ਸਥਿਤੀ ਵਿਚੋਂ ਲੰਘ ਰਿਹਾ ਹੈ, ਉਸ ਤੋਂ ਮੁਕਤ ਹੋਣ ਲਈ ਜੇਕਰ ਉਹ ਗੁਰੂ ਨਾਨਕ-ਬਾਣੀ ਵਿਚ ਪੇਸ਼ 'ਸਹਜ' ਜੀਵਨ-ਜਾਚ ਦੀ ਪੱਧਤੀ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦਾ ਯਤਨ ਕਰੇ ਤਾਂ ਅਵੱਸ਼ ਹੀ ਉਹ ਇਕ ਚੰਗਾ ਅਤੇ ਸੁਚੱਜਾ ਮਨੁੱਖ ਬਣ ਸਕਦਾ ਹੈ।

---

## ਕੇਸਾਂ ਦੀ ਬੇਅਦਬੀ ਕਰਨ ਵਾਲੇ ਸਿੱਖ ਭੈਣੋ ਤੇ ਭਰਾਵੋ

### *ਕੀ ਤੁਸੀਂ ਆਪਣੇ ਸੁਨਹਿਰੀ ਇਤਿਹਾਸਕ ਵਿਰਸੇ ਨੂੰ ਭੁੱਲ ਗਏ ਹੋ?*

*ਕੀ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼, ਭਾਈ ਤਾਰੂ ਸਿੰਘ ਜੀ ਦਾ ਕੇਸਾਂ ਬਦਲੇ ਖੋਪਰੀ ਲੁਹਾਓਣਾ, ਹਜ਼ਾਰਾਂ ਸਿੰਘਾਂ-ਸਿੰਘਣੀਆਂ ਦਾ ਕੇਸਾਂ ਖਾਤਰ ਸ਼ਹੀਦੀਆਂ ਦੇਣਾ, ਚਰਖੜੀਆਂ 'ਤੇ ਚੜ੍ਹ ਜਾਣਾ, ਆਰੇ ਨਾਲ ਚਿਰਵਾਏ ਜਾਣਾ, ਤੇ ਬੰਦ ਬੰਦ ਕਟਵਾਉਣਾ ਯਾਦ ਨਹੀਂ ਰਿਹਾ?*

### *ਕੀ ਤੁਸੀਂ ਉਨ੍ਹਾਂ ਬਹਾਦਰਾਂ ਦੀ ਸੰਤਾਨ ਨਹੀਂ ਹੋ?*

**ਜ਼ਰਾ ਸੋਚੋ !**

**ਆਪਣੇ ਆਪ ਨੂੰ ਸੁਧਾਰੋ ! ਕੇਸਾਂ ਦੀ ਬੇਅਦਬੀ ਰੋਕੋ ਅਤੇ ਇਸ ਗੌਰਵਮਈ ਇਤਿਹਾਸ ਦਾ ਹਿੱਸਾ ਬਣ ਜਾਓ !**

### ਬਾਬਾ ਬੰਦਾ ਸਿੰਘ ਬਹਾਦਰ ਦੇ ੩੫੦ਵੇਂ ਜਨਮ ਦਿਹਾੜੇ ਨੂੰ ਸਮਰਪਿਤ

# ਬਾਬਾ ਬੰਦਾ ਸਿੰਘ ਬਹਾਦਰ ਦਾ ਸੰਘਰਸ਼

ਬਲਜੀਤ ਸਿੰਘ ਖਾਲਸਾ

ਸਾਡੇ ਸਮਾਜ ਦਾ ਇਹ ਆਮ ਵਰਤਾਰਾ ਹੈ ਕਿ ਕੋਈ ਵੀ ਵਿਸ਼ੇਸ਼ ਸ਼ਖ਼ਸੀਅਤ ਜਦੋਂ ਸਾਡੇ ਵਿੱਚ ਨਹੀਂ ਰਹਿੰਦੀ, ਤਾਂ ਅਸੀਂ ਉਸ ਬਾਰੇ ਕੁਝ ਅਜਿਹੀਆਂ ਟਿੱਪਣੀਆਂ ਅਰੰਭ ਕਰ ਦਿੰਦੇ ਹਾਂ ਜੋ ਕਿ ਉਸ ਸ਼ਖ਼ਸੀਅਤ ਨਾਲ ਇਨਸਾਫ਼ ਨਹੀਂ ਕਰਦੀਆਂ। ਗੱਲ ਇਹ ਵੀ ਨਹੀਂ ਕਿ ਉਸ ਸ਼ਖ਼ਸੀਅਤ ਦੀ ਮੌਜੂਦਗੀ ਵਿੱਚ ਮਨ ਅੰਦਰ ਦੱਬ ਕੇ ਰੱਖੇ ਗਏ ਵਿਚਾਰ ਹੀ ਉਸ ਤੋਂ ਬਾਅਦ ਪ੍ਰਗਟ ਹੁੰਦੇ ਹਨ, ਬਲਕਿ ਵਰਤਾਰਾ ਇਹ ਦਿਸਦਾ ਹੈ ਕਿ ਜਿਹੜੇ ਸ਼ਖਸ ਉਸ ਸ਼ਖ਼ਸੀਅਤ ਦੇ ਜਿਊਂਦੇ-ਜੀਅ ਉਸ ਦੇ ਪੱਕੇ ਸ਼ਰਧਾਲੂ ਤਕ ਹੁੰਦੇ ਹਨ, ਉਹ ਹੀ ਉਸ ਦੀ ਗੈਰ-ਮੌਜੂਦਗੀ ਵਿੱਚ ਉਸ ਦੇ ਆਲੋਚਕ ਬਣ ਬਹਿੰਦੇ ਹਨ। ਇਹ ਵਰਤਾਰਾ ਘੱਟੋ-ਘੱਟ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਹੁਣ ਤਕ ਸਿੱਖ ਇਤਿਹਾਸ ਦੀ ਪੈੜ ਨੱਪਦਾ ਆਇਆ ਹੈ ਤੇ ਇਸ ਨੇ ਕਈ ਮਹਾਨ ਸਿੱਖ ਸ਼ਖ਼ਸੀਅਤਾਂ ਬਾਰੇ 'ਕਿੰਤੂਆਂ'-'ਪ੍ਰੰਤੂਆਂ' ਦੇ ਰੂਪ ਵਿੱਚ ਪ੍ਰਸ਼ਨ-ਚਿੰਨ੍ਹਾਂ ਦਾ ਇੱਕ ਲੰਮਾ-ਚੌੜਾ ਚੱਕਰਵਿਊ ਸਿਰਜਿਆ ਹੈ, ਜਿਸ ਵਿੱਚੋਂ ਸਿੱਖ-ਸ਼ਖਸੀਅਤਾਂ ਦੇ ਸਹੀ ਰੂਪ ਨੂੰ ਕੱਢ ਕੇ ਇਤਿਹਾਸ ਦੇ ਵਿਦਿਆਰਥੀਆਂ ਅੱਗੇ ਪੇਸ਼ ਕਰਨਾ, ਇੱਕ ਕਠਿਨ ਪਰ ਅਹਿਮ ਕਾਰਜ ਹੈ। ਇਸ ਲਈ ਵਿਸ਼ੇਸ਼ ਮਿਹਨਤ ਦੀ ਬੇਹੱਦ ਲੋੜ ਹੈ। ਹਥਲੇ ਲੇਖ ਦਾ ਮਕਸਦ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਬਾਅਦ ਵਿੱਚ ਪ੍ਰਚਲਿਤ ਹੋਈਆਂ ਕੁਝ ਗ਼ਲਤ ਧਾਰਨਾਵਾਂ ਬਾਰੇ ਵਿਚਾਰ ਕਰਨਾ ਹੈ।

ਇਹ ਗੱਲ ਧਿਆਨ ਵਿੱਚ ਰੱਖੀ ਜਾਣੀ ਚਾਹੀਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਇੱਕ ਅਜਿਹਾ ਅਨਮੋਲ ਹੀਰਾ ਹੈ, ਜਿਸ ਦਾ ਸਹੀ ਮੁੱਲ ਪਾਉਣ ਲਈ, ਸਾਨੂੰ ਸਮੁੱਚੇ ਤੌਰ 'ਤੇ ਸਿੱਖ ਲਹਿਰ ਦੇ ਵਿਰੋਧੀ ਉਹਨਾਂ ਲਿਖਾਰੀਆਂ ਦੀਆਂ ਲਿਖਤਾਂ 'ਤੇ ਨਿਰਭਰ ਹੋਣਾ ਪੈਂਦਾ ਹੈ ਜਿਨ੍ਹਾਂ ਦੇ ਦਿਲ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਕੁੱਟ-ਕੁੱਟ ਦੇ ਨਫ਼ਰਤ ਭਰੀ ਹੋਈ ਸੀ। ਇਸੇ ਲਈ ਇੱਕ ਸਿੱਖ ਖੋਜੀ ਨੇ ਉਹਨਾਂ ਲੇਖਕਾਂ ਦੀਆਂ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਧਾਰਨਾਵਾਂ ਉੱਪਰ ਇਸ ਤਰ੍ਹਾਂ ਟਿੱਪਣੀ ਕੀਤੀ ਹੈ :

''ਇੱਕ ਧੜਾ ਤਾਂ ਉਸ ਨੂੰ ਹਿੰਦੂ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦਾ ਰਿਹਾ ਹੈ ਤੇ ਇੱਕ ਧੜਾ ਉਸ ਨੂੰ ਕਾਫ਼ਰ, ਧਾੜਵੀ ਅਤੇ ਲੁਟੇਰਾ ਪੁਕਾਰਦਾ ਆਇਆ ਹੈ। ਉਸ ਦੀ ਅਸਲੀ ਸ਼ਖ਼ਸੀਅਤ ਨੂੰ ਵਿਗਾੜਨ ਬਦਲੇ, ਉਸ ਦੇ ਜੀਵਨ ਵਿੱਚ ਕਈ ਅਣਹੋਈਆਂ ਤੇ ਝੂਠੀਆਂ ਕਹਾਣੀਆਂ ਲਿਖ ਦਿੱਤੀਆਂ ਗਈਆਂ ਹਨ। ਇੱਥੋਂ ਤਕ ਕਿ ਉਸ ਨੂੰ ਗੁਰਸਿੱਖੀ ਦਾ ਵਿਰੋਧੀ ਤੇ ਗੁਰੂ ਦੇ ਹੁਕਮਾਂ ਨੂੰ ਨਾ ਮੰਨਣ ਵਾਲਾ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ। ਅਸਲੀਅਤ ਖੋਜਣ ਤੋਂ ਪਤਾ ਲੱਗਦਾ ਹੈ ਕਿ ਉਹ ਉਹੋ ਜਿਹਾ ਹੀ ਪੂਰਨ ਸਿੱਖ ਸੀ ਜਿਹੋ ਜਿਹਾ ਗੁਰੂ ਮਹਾਰਾਜ ਉਸ ਨੂੰ ਬਣਾਉਣਾ ਚਾਹੁੰਦੇ ਸਨ।''

(ਸੋਹਣ ਸਿੰਘ ਸੀਤਲ, ਭੂਮਿਕਾ, ਬੰਦਾ ਸਿੰਘ ਸ਼ਹੀਦ)

ਬਾਬਾ ਬੰਦਾ ਸਿੰਘ ਬਹਾਦਰ ਉਪਰ ਲਗਾਏ ਜਾਂਦੇ ਦੋਸ਼ਾਂ ਵਿੱਚੋਂ ਪ੍ਰਮੁੱਖ ਇਹ ਹਨ ਕਿ:

1. ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ

*ਮਈ 2015 ਸਾਡਾ ਵਿਰਸਾ ਸਾਡਾ ਗੌਰਵ 'ਚੋਂ ਧੰਨਵਾਦ ਸਹਿਤ*

ਉਲੰਘਣਾ ਕਰ ਕੇ ਵਿਆਹ ਕਰਵਾਇਆ।

2. ਉਹ ਮੁਸਲਮਾਨਾਂ ਦਾ ਕੱਟੜ ਵਿਰੋਧੀ ਸੀ।
3. ਉਸ ਨੇ ਆਪਣੇ ਆਪ ਨੂੰ 'ਗੁਰੂ' ਅਖਵਾਉਣਾ ਅਰੰਭ ਕਰ ਦਿੱਤਾ ਸੀ।

ਵੈਰੀਆਂ ਵੱਲੋਂ ਲਾਏ ਗਏ ਉਪਰੋਕਤ ਤਿੰਨ ਦੋਸ਼ ਕਾਫੀ ਹੱਦ ਤਕ ਸਿੱਖਾਂ ਦੀ ਮਾਨਸਿਕਤਾ ਵਿੱਚ ਵੀ ਘਰ ਕਰ ਚੁੱਕੇ ਹਨ। ਇਸ ਤੋਂ ਇਲਾਵਾ ਉਸ ਬਾਰੇ ਦੋ ਅਜਿਹੀਆਂ ਗੱਲਾਂ ਕਹੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਸਿੱਖ ਮਾਨਸਿਕਤਾ ਨੇ ਕਦੇ ਪ੍ਰਵਾਨ ਨਹੀਂ ਕੀਤਾ। ਇਹ ਧਾਰਨਾਵਾਂ ਵਿਸ਼ੇਸ਼ ਤੌਰ 'ਤੇ ਬੈਰਾਗੀ ਅਖਵਾਉਣ ਵਾਲੇ ਲੋਕਾਂ ਵੱਲੋਂ ਪ੍ਰਚਲਿਤ ਕੀਤੀਆਂ ਗਈਆਂ ਹਨ ਜੋ ਕਿ ਖੰਡੇਧਾਰ ਮਾਰਗ 'ਤੇ ਤੁਰਨਾ ਤਾਂ ਦੂਰ, ਚੀਚੀ ਨੂੰ ਲਹੂ ਲਗਾਏ ਬਿਨਾਂ ਹੀ ਬੰਦਾ ਸਿੰਘ ਬਹਾਦਰ ਦੇ ਵਾਰਸ ਬਣਨਾ ਚਾਹੁੰਦੇ ਹਨ। ਪ੍ਰਚਲਿਤ ਧਾਰਨਾਵਾਂ ਹਨ:

1. ਉਸ ਨੇ ਅੰਮ੍ਰਿਤ ਨਹੀਂ ਸੀ ਛਕਿਆ।
2. ਬੰਦੇ ਬੈਰਾਗੀ ਨੇ ਉਸ ਮਿਸ਼ਨ ਨੂੰ ਪੂਰਾ ਕੀਤਾ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਬਿਲਕੁਲ ਅਸਫਲ ਹੋ ਗਏ ਸਨ।

ਇਹਨਾਂ ਬੇਹੂਦੀਆਂ ਗੱਲਾਂ ਦੇ ਰੂ-ਬ-ਰੂ ਇਹ ਇੱਕ ਤਸੱਲੀ ਵਾਲੀ ਗੱਲ ਹੈ ਕਿ ਬੰਦਾ ਸਿੰਘ ਦੇ ਅੰਮ੍ਰਿਤ ਛਕਣ ਦੀ ਪੁਸ਼ਟੀ ਅਹਿਮਦ ਸ਼ਾਹ ਬਟਾਲਵੀ ਤੋਂ ਲੈ ਕੇ ਹਰ ਇੱਕ (ਸਿੱਖ ਵਿਰੋਧੀ) ਪੁਰਾਤਨ ਲੇਖਕ ਦੀਆਂ ਲਿਖਤਾਂ ਤੋਂ ਵੀ ਹੋ ਜਾਂਦੀ ਹੈ। ਇਹ ਵੀ ਸੋਚਿਆ ਹੀ ਨਹੀਂ ਜਾ ਸਕਦਾ ਕਿ ਆਪਣੇ ਤੋਂ ਜਾਨ ਵਾਰਨ ਲਈ ਤਿਆਰ ਸ਼ਰਧਾਲੂ ਭਾਈ ਡੱਲੇ ਨੂੰ ਅੰਮ੍ਰਿਤਧਾਰੀ ਹੋਏ ਬਿਨਾਂ ਆਪਣੇ ਚਰਨਾਂ ਵਿੱਚ ਪੀੜ੍ਹੀ ਜਿੰਨੀ ਥਾਂ ਵੀ ਨਾ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਇੱਕ ਬੇਅੰਮ੍ਰਿਤੀਏ ਨੂੰ ਖ਼ਾਲਸੇ ਦਾ ਫ਼ੌਜੀ ਕਮਾਂਡਰ ਬਣਾ ਸਕਦੇ ਹਨ। ਇਹ ਵਿਚਾਰ ਵੀ ਹਾਸੋਹੀਣਾ ਹੈ ਕਿ ਗੁਰੂ ਸਾਹਿਬ ਨੇ ਸਿੱਖ ਵਿਚਾਰਧਾਰਾ ਤੋਂ ਉਲਟ ਜਾ ਕੇ ਬੰਦਾ ਸਿੰਘ ਨੂੰ ਵਿਆਹ ਨਾ ਕਰਵਾਉਣ ਦਾ ਕੋਈ ਹੁਕਮ ਦਿੱਤਾ ਸੀ। ਇਤਿਹਾਸਕ ਸਰੋਤਾਂ ਵਿੱਚੋਂ ਵੀ ਇਸ ਦੀ ਪੁਸ਼ਟੀ ਨਹੀਂ ਹੁੰਦੀ। ਜਿੱਥੋਂ ਤਕ 'ਗੁਰੂ' ਅਖਵਾਉਣ ਅਤੇ ਅੰਮ੍ਰਿਤਸਰ ਵਿਖੇ ਗੱਦੀ ਲਾ ਕੇ ਬੈਠਣ ਦਾ ਸਵਾਲ ਹੈ, ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਸਾਬਤ ਕਰ ਦਿੱਤਾ ਹੈ ਕਿ ਬੰਦਾ ਸਿੰਘ ਨੂੰ ਕਦੀ ਅੰਮ੍ਰਿਤਸਰ ਜਾਣ ਦਾ ਮੌਕਾ ਹੀ ਨਹੀਂ ਸੀ ਮਿਲਿਆ। ਜਿੱਥੋਂ ਤਕ ਉਸ ਦੇ ਮੁਸਲਮਾਨਾਂ ਦੇ ਵੈਰੀ ਹੋਣ ਦੇ ਇਲਜ਼ਾਮ ਦਾ ਸਵਾਲ ਹੈ ਉਸ ਬਾਰੇ ਅੱਗੇ ਚੱਲ ਕੇ ਸਪਸ਼ਟ ਹੋ ਜਾਵੇਗਾ, ਪਰ ਹੁਣ ਹਿੰਦੂ ਬੈਰਾਗੀਆਂ ਦੇ ਉਸ ਕਥਨ ਵੱਲ ਆਉਂਦੇ ਹਾਂ ਜਿਸ ਰਾਹੀਂ ਉਹ ਛਾਤੀਆਂ ਫੁਲਾ ਕੇ ਕਹਿੰਦੇ ਹਨ:

''ਸਾਡੇ ਬੰਦੇ ਬੈਰਾਗੀ ਨੇ ਉਸ ਮਿਸ਼ਨ ਨੂੰ ਪੂਰਾ ਕੀਤਾ ਜਿਸ ਵਿੱਚੋਂ ਗੁਰੂ ਗੋਬਿੰਦ ਸਿੰਘ ਅਸਫਲ ਹੋ ਗਏ ਸਨ।''

ਸਿੱਖਾਂ ਨੂੰ ਇਸ ਹਾਸੋਹੀਣੇ ਕਥਨ ਦਾ ਖੰਡਨ ਕਰਦਿਆਂ ਇਹ ਗੱਲ ਵੀ ਧਿਆਨ ਵਿੱਚ ਰੱਖਣ ਦੀ ਲੋੜ ਹੈ ਕਿ ਕਿਤੇ ਉਹ ਅਨਜਾਣੇ ਹੀ ਇਸ ਸਿੱਖ ਜਰਨੈਲ ਦਾ ਅਪਮਾਨ ਨਾ ਕਰ ਜਾਣ। ਗੁਰੂ ਗੋਬਿੰਦ ਸਿੰਘ ਜੀ ਦੇ ਕਈ ਨੇੜਲੇ ਸ਼ਰਧਾਲੂ ਵੀ ਬੰਦਾ ਸਿੰਘ ਬਹਾਦਰ ਉਪਰ ਇਹ ਦੋਸ਼ ਲਗਾਉਂਦੇ ਰਹੇ ਹਨ ਕਿ ਉਸ ਨੇ ਰੱਖਿਆਤਮਕ ਦੀ ਬਜਾਏ ਹਮਲਾਵਰ ਪੈਂਤੜਾ ਅਪਣਾਅ ਕੇ ਸਿੱਖ ਸਿਧਾਂਤ ਦਾ ਉਲੰਘਣ ਕੀਤਾ ਹੈ। ਇਸ ਕਥਨ ਵਿੱਚ ਕਿੰਨੀ ਕੁ ਸਚਾਈ ਹੈ? ਇਹ ਜਾਣਨ ਲਈ ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਦਾ ਫ਼ੌਜੀ ਕਮਾਂਡਰ ਸੀ, ਜਿਸ ਦੀ ਅਗਵਾਈ ਵਿੱਚ ਸਿੱਖਾਂ ਨੇ ਆਪਣੇ ਸਿਧਾਂਤਕ ਮਿਸ਼ਨ ਨੂੰ ਅੱਗੇ ਤੋਰਿਆ। ਇਸ ਲਈ ਬੰਦਾ ਸਿੰਘ ਬਾਰੇ ਬਣੀਆਂ ਉਕਤ ਧਾਰਨਾਵਾਂ ਦਾ ਨਿਰਣਾ ਕਰਨ ਲਈ ਸਾਨੂੰ ਪਹਿਲਾਂ ਸਿੱਖ ਲਹਿਰ ਦੀ ਅਰੰਭਕ ਰੂਪ-ਰੇਖਾ ਨੂੰ ਸਮਝ ਲੈਣਾ ਬੇਹੱਦ ਜ਼ਰੂਰੀ ਹੈ।

ਦਰਅਸਲ ਬਦੀ ਦੀਆਂ ਪੈਰੋਕਾਰ ਤਾਕਤਾਂ ਦੇ ਟਾਕਰੇ ਲਈ ਸਿੱਖ ਸਿਧਾਂਤਕ ਦ੍ਰਿਸ਼ਟੀਕੋਣ ਕਈ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਉਹ ਪੜਾਅ ਹਨ:

1. ਨਾ ਕਿਸੇ ਤੋਂ ਡਰੋ ਤੇ ਨਾ ਡਰਾਵੋ।

2. ਨਾ ਜ਼ੁਲਮ ਕਰੋ ਤੇ ਨਾ ਜ਼ੁਲਮ ਸਹੋ।
3. ਜ਼ਾਲਮ ਨੂੰ ਹਰ ਹੀਲੇ ਜ਼ੁਲਮ ਤੋਂ ਰੋਕੋ।
4. ਮਜ਼ਲੂਮਾਂ ਲਈ ਠੰਢੀ ਛਾਂ ਵਰਗਾ ਹਲੇਮੀ ਰਾਜ ਕਾਇਮ ਕਰੋ।

ਗੁਰੂ ਸਾਹਿਬ ਨੇ ਮੁਰਦਾ ਹੋ ਚੁੱਕੇ ਭਾਰਤੀ ਸਮਾਜ ਵਿੱਚ ਅੰਮ੍ਰਿਤ ਦੇ ਛੱਟੇ ਮਾਰ ਦੇ ਜਦੋਂ ਇੱਕ ਨਿਰਭਉ-ਨਿਰਵੈਰ ਨਿਰਮਲ ਪੰਥ ਦੀ ਸਥਾਪਨਾ ਦਾ ਮਿਸ਼ਨ ਅਰੰਭਿਆ ਤਾਂ ਆਪਣੇ ਇਸ ਸਿਧਾਂਤ ਨੂੰ ਉਹਨਾਂ ਨੇ ਕਦੀ ਵੀ ਲੁਕੋ ਕੇ ਨਹੀਂ ਰੱਖਿਆ। ਬਾਬਰ ਦੇ ਕਹਿਰੀ ਹਮਲੇ ਸਮੇਂ ਗੁਰੂ ਗੁਰੂ ਬਾਬੇ ਨੇ 'ਨਾ ਡਰੋ ਤੇ ਨਾ ਡਰਾਓ' ਦੇ ਸਿਧਾਂਤ ਦੀ ਇੱਕ ਉਤਮ ਮਿਸਾਲ ਕਾਇਮ ਕੀਤੀ ਜਿਸ ਕਾਰਨ 'ਬਾਬਰ' ਵੀ 'ਬਾਬੇ' ਦੀ ਨਿਰਭਉ-ਨਿਰਵੈਰ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਇਸ ਦਾ ਅਸਰ ਇਹ ਹੋਇਆ ਕਿ ਬਾਬਾ ਤੋਂ ਲੈ ਕੇ ਅਕਬਰ ਤਕ ਸਿੱਖਾਂ ਨੂੰ ਜ਼ੁਲਮ ਦਾ ਸਾਹਮਣਾ ਕਰਨ ਦੀ ਲੋੜ ਨਾ ਪਈ ਤੇ ਇਹ ਨਿਰਭਉ-ਨਿਰਵੈਰ ਨਿਰਮਲ ਪੰਥ ਵਿਕਾਸ ਕਰਦਾ ਰਿਹਾ।

ਜਹਾਂਗੀਰ ਦੇ ਸਮੇਂ ਇਸ ਪੰਥ ਨੂੰ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਜਦੋਂ ਗੁਰੂ ਅਰਜਨ ਸਾਹਿਬ ਜੀ ਨੂੰ ਅੱਤ ਦੇ ਭਿਆਨਕ ਤਸੀਹੇ ਝੱਲ ਕੇ ਸ਼ਹੀਦ ਹੋਣਾ ਪਿਆ। ਇੱਥੋਂ ਸਿੱਖੀ ਦੇ ਦੂਜੇ ਸਿਧਾਂਤ (ਨਾ ਜ਼ੁਲਮ ਕਰੋ ਤੇ ਨਾ ਜ਼ੁਲਮ ਸਹੋ) 'ਤੇ ਅਮਲ ਦਾ ਅਰੰਭ ਹੁੰਦਾ ਹੈ। ਜ਼ੁਲਮ ਨਾ ਸਹਿਣ ਦੇ ਸਿਧਾਂਤ 'ਤੇ ਅਮਲ ਕਰਨ ਲਈ, ਜ਼ੁਲਮ ਦਾ ਟਾਕਰਾ ਕਰਨ ਦੀ ਸਮਰੱਥਾ ਦੀ ਅਹਿਮ ਲੋੜ ਸੀ, ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਪੰਥ ਨੂੰ ਸ਼ਸਤਰਧਾਰੀ ਕਰ ਕੇ ਪੂਰਾ ਕੀਤਾ। ਹੁਣ ਸਿੱਖ ਪੰਥ 'ਨਾ ਡਰੋ ਤੇ ਨਾ ਡਰਾਓ' ਤੋਂ ਇਲਾਵਾ 'ਨਾ ਜ਼ੁਲਮ ਕਰੋ ਤੇ ਨਾ ਜ਼ੁਲਮ ਸਹੋ' ਦੇ ਸਿਧਾਂਤ 'ਤੇ ਵੀ ਅਮਲੀ ਰੂਪ ਵਿੱਚ ਪਹਿਰਾ ਦੇਣ ਦੇ ਸਮਰੱਥ ਹੋ ਗਿਆ ਤੇ ਤੂਫ਼ਾਨ ਵਰਗੇ ਜ਼ੁਲਮ ਦੇ ਹਰ ਹਮਲੇ ਨੂੰ ਚਟਾਨ ਵਾਂਗ ਰੋਕਣ ਲੱਗਾ। ਇਸ ਸਿਧਾਂਤ ਅਨੁਸਾਰ ਖ਼ੁਦ ਜ਼ਾਲਮ ਉਤੇ ਹਮਲਾਵਰ ਹੋਣਾ ਨਹੀਂ, ਸਗੋਂ ਜ਼ਾਲਮ ਦੇ ਹਮਲੇ ਨੂੰ ਰੋਕਣਾ ਹੀ ਮੁੱਖ ਰੱਖਿਆ ਜਾਂਦਾ ਹੈ। ਸਿੱਖ ਪੰਥ ਸੰਨ 1708 ਈ: ਤਕ ਇਸ ਸਿਧਾਂਤਕ ਪੜਾਅ 'ਤੇ ਅਮਲੀ ਰੂਪ ਵਿੱਚ ਪਹਿਰਾ ਦਿੰਦਾ ਰਿਹਾ ਹੈ। ਇਸ ਤੋਂ ਅੱਗੇ ਫਿਰ ਸਿੱਖ ਪੰਥ ਦਾ ਇਸ ਤੋਂ ਅਗਲੇ ਸਿਧਾਂਤਕ ਪੜਾਅ (ਜ਼ਾਲਮ ਨੂੰ ਜ਼ੁਲਮ ਤੋਂ ਰੋਕਣ ਲਈ ਹਮਲਾਵਰ ਪੈਂਤੜੇ) 'ਤੇ ਲੜਾਈ ਵਿੱਢਣ ਦਾ ਅਮਲ ਅਰੰਭ ਹੁੰਦਾ ਹੈ। ਇਹ ਉਹੀ ਸਮਾਂ ਸੀ ਜਦੋਂ ਸਿੱਖਾਂ ਵਿੱਚੋਂ ਦੇਹਧਾਰੀ ਗੁਰਤਾ ਦਾ ਅੰਤ ਕਰਕੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਦੀ ਜੁਗਤੀ ਗੁਰੂ-ਪੰਥ ਨੂੰ ਸੌਂਪ ਦਿੱਤੀ ਗਈ ਸੀ ਤੇ ਜ਼ੁਲਮਾਂ ਦੇ ਕਿਲ੍ਹੇ ਢਾਹੁਣ ਲਈ ਬੇਤਾਬ ਅਕਾਲ ਪੁਰਖ ਦੀ ਫ਼ੌਜ ਦੀ ਕਮਾਨ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਮੌਤ ਵਰਗੀ ਡੂੰਘੀ ਨੀਂਦ 'ਚੋਂ ਜਾਗ ਕੇ ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਜੀਵਤ ਹੋਏ ਇੱਕ ਅਜਿਹੇ ਮਰਜੀਵੜੇ ਦੇ ਹੱਥ ਦੇ ਦਿੱਤੀ ਗਈ ਸੀ, ਜਿਸ ਨੇ ਸਿੱਖ ਮਿਸ਼ਨ ਨੂੰ ਅੱਗੇ ਵਧਾਉਣ ਵਿੱਚ ਕਿਤੇ ਵੀ ਕੋਈ ਵੀ ਉਕਾਈ ਨਾ ਕੀਤੀ।

ਖੰਡੇਧਾਰ ਅੰਮ੍ਰਿਤ ਦੇ ਕੁਝ ਘੁੱਟ ਪੀ ਕੇ ਜਦੋਂ ਇਹ 'ਮਾਧੋ ਦਾਸ' ਨਾਂ ਦੀ ਜਿਊਂਦੀ ਲੋਥ, ਬੰਦਾ ਸਿੰਘ ਬਹਾਦਰ ਦੇ ਰੂਪ ਵਿੱਚ ਇੱਕ 'ਮਰਜੀਵੜਾ' ਬਣੀ ਤਾਂ ਇਸ ਉਪਰੰਤ ਇਸ ਸੂਰਬੀਰ ਦਾ ਸੰਬੰਧ ਸਿੱਖ ਪੰਥ ਨਾਲ ਸੀ ਜਾਂ ਬੈਰਾਗੀਆਂ ਨਾਲ, ਇਹ ਸਪਸ਼ਟ ਕਰਨ ਲਈ ਇੱਕ ਅਹਿਮ ਇਤਿਹਾਸਕ ਹਵਾਲਾ ਹੀ ਕਾਫ਼ੀ ਹੈ। 'ਤਾਰੀਖ਼-ਏ-ਪੰਜਾਬ' ਦਾ ਕਰਤਾ ਅਹਿਮਦ ਸ਼ਾਹ ਬਟਾਵਲੀ ਲਿਖਦਾ ਹੈ ਕਿ (ਜ਼ਾਲਮਾਂ ਦੀ ਸੁਧਾਈ ਲਈ) ਪੰਜਾਬ ਵੱਲ ਤੁਰਨ ਵੇਲੇ ਬੰਦਾ ਸਿੰਘ ਬਹਾਦਰ ਨੂੰ ਬੈਰਾਗੀਆਂ ਦਾ ਮੁਖੀ ਆਤਮਾ ਰਾਮ ਬੈਰਾਗੀ ਮਿਲਿਆ। ਬੰਦਾ ਸਿੰਘ ਨੇ ਉਸ ਨੂੰ ਵੀ ਨਾਲ ਜਾਣ ਲਈ ਕਿਹਾ ਪਰ ਉਸ ਨੇ ਇਨਕਾਰ ਕਰ ਦਿੱਤਾ ਤੇ ਕਿਹਾ :

''ਅਸੀਂ ਫ਼ਕੀਰ ਲੋਕ ਹਾਂ। ਸਾਨੂੰ ਲੜਾਈ ਅਤੇ ਸੈਨਿਕ ਤੌਰ-ਤਰੀਕੇ ਸ਼ੋਭਾ ਨਹੀਂ ਦਿੰਦੇ। ਤੁਹਾਡੇ ਦਿਨ ਪੂਰੇ ਹੋ ਗਏ ਹਨ ਇਸ ਲਈ ਤੁਹਾਨੂੰ ਹੁਣ ਅਜਿਹੀਆਂ

ਗੱਲਾਂ ਸੁੱਝਦੀਆਂ ਹਨ।'' (ਤਾਰੀਖ਼-ਏ-ਪੰਜਾਬ, ਪੰਜਾਬੀ ਛਾਪ,ਪੰ.ਯੂ.ਪਟਿਆਲਾ, 1969, ਸਫ਼ਾ 32)

ਇਹ ਇੱਕ ਹਵਾਲਾ ਹੀ ਇਸ ਹਕੀਕਤ ਨੂੰ ਸਪਸ਼ਟ ਕਰਨ ਲਈ ਕਾਫ਼ੀ ਹੈ ਕਿ ਸਿੰਘ ਸੱਜ ਜਾਣ ਉਪਰੰਤ ਬੰਦਾ ਸਿੰਘ ਨਾਲੋਂ ਨਾਤਾ ਤੋੜ ਕੇ ਬੈਰਾਗੀਆਂ ਨੇ ਇਹ ਸਪਸ਼ਟ ਐਲਾਨ ਓਦੋਂ ਹੀ ਕਰ ਦਿੱਤਾ ਸੀ ਕਿ ਸਾਡਾ ਨਾਤਾ ਮਾਧੋ ਦਾਸ ਬੈਰਾਗੀ ਨਾਲ ਹੀ ਸੀ, ਬੰਦਾ ਸਿੰਘ ਬਹਾਦਰ ਨਾਲ ਸਾਡਾ ਕੋਈ ਨਾਤਾ ਨਹੀਂ ਹੈ। ਇਸ ਲਈ ਅੱਜ ਵੀ ਬੈਰਾਗੀ ਮਹਾਂ ਮੰਡਲ ਵਾਲੇ ਮਾਧੋ ਦਾਸ ਬੈਰਾਗੀ ਦੇ ਵਾਰਸ ਤਾਂ ਅਖ਼ਵਾ ਸਕਦੇ ਹਨ, ਪਰ ਬੰਦਾ ਸਿੰਘ ਬਹਾਦਰ ਦੇ ਨਹੀਂ। ਬੰਦਾ ਸਿੰਘ ਬਹਾਦਰ ਦਾ ਵਾਰਸ ਕੇਵਲ ਪੰਥ ਖ਼ਾਲਸਾ ਹੈ। ਬੈਰਾਗੀਆਂ ਦਾ ਓਦੋਂ ਬੰਦਾ ਸਿੰਘ ਨਾਲੋਂ ਨਾਤਾ ਤੋੜ ਲੈਣਾ ਕੋਈ ਹੈਰਾਨੀਜਨਕ ਘਟਨਾ ਨਹੀਂ ਸੀ। ਦਰਅਸਲ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਕੇ 'ਤਿਆਗੀ' ਅਖਵਾਉਣ ਵਾਲੇ ਵਿਚਾਰੇ ਬੈਰਾਗੀ ਕੀ ਜਾਣਨ ਕਿ ਸਿਰ ਤਲੀ 'ਤੇ ਰੱਖ ਕੇ ਲੋਕਾਂ ਲਈ ਲੜਿਆ ਮਰਿਆ ਕਿਵੇਂ ਜਾਂਦਾ ਹੈ? ਤੇ ਖੰਡੇ ਦਾ ਅੰਮ੍ਰਿਤ ਛਕ ਕੇ, ਖੰਡੇ ਦੀ ਧਾਰ 'ਤੇ ਨੱਚਣ ਲਈ ਤੁਰ ਪਏ ਕਾਫ਼ਲਿਆਂ ਦੀ ਵੀ ਅਜਿਹੇ ਬੈਰਾਗੀਆਂ ਨਾਲ ਕਾਹਦੀ ਸਾਂਝ? ਪਰ ਜਿਹੜੇ ਪੰਜਾਂ ਤੱਤਾਂ ਦੇ ਸਰੀਰਾਂ ਅੰਦਰ ਇਸ ਖੰਡੇਧਾਰ ਅੰਮ੍ਰਿਤ ਦੀਆਂ ਘੁੱਟਾਂ ਦਾਖ਼ਲ ਹੋ ਚੁੱਕੀਆਂ ਸਨ, ਉਹ ਪਤੰਗਿਆਂ ਵਾਂਗ ਧਰਮ ਯੁੱਧ ਦੀ ਸ਼ਮ੍ਹਾ 'ਤੇ ਸੜਨ ਲਈ ਬੇਚੈਨ ਸਨ। ਇਸੇ ਲਈ ਪੰਜਾਬ ਵਿੱਚ ਦਾਖ਼ਲ ਹੁੰਦੇ ਹੀ ਉਹਨਾਂ (ਸਿੰਘਾਂ) ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਤ ਹੁਕਮਨਾਮਿਆਂ ਦੇ ਨਾਲ ਸੁਨੇਹੇ ਭੇਜ ਦਿੱਤੇ ਗਏ। ਇੱਕ ਸ਼ਾਇਰ ਦੇ ਸ਼ਬਦਾਂ ਵਿੱਚ :

***ਏਥੋਂ ਹੀ ਸੀ ਹੁਕਮ ਗੁਰਾਂ ਦੇ, ਹਰ ਪਾਸੇ ਪਹੁੰਚਾਏ,***
***ਨਾਲੇ ਆਪਣੇ ਜ਼ਖ਼ਮ ਜਿਗਰ ਦੇ, ਏਦਾਂ ਖੋਲ੍ਹ ਵਿਖਾਏ :***
***''ਓਦੋਂ ਦਾ ਹੀ ਤੜਫ ਰਿਹਾ ਹੈ, ਇਹ ਸਤਲੁਜ ਦਾ ਪਾਣੀ,***
***ਜਿਸ ਰੁੱਤੇ ਮਸੂਮ ਲਹੂ ਨੇ, ਲਿਖੀ ਸੀ ਅਮਰ ਕਹਾਣੀ।***
***ਵੇਖ-ਵੇਖ ਸਰਹੰਦ ਦੀਆਂ ਗਲੀਆਂ, ਅੰਬਰ ਹੌਕੇ ਭਰਦਾ,***
***ਮਾਂ ਗੁਜਰੀ ਦਾ ਬੁਰਜ ਤੁਸਾਂ ਦੀਆਂ, ਨਿੱਤ ਉਡੀਕਾਂ ਕਰਦਾ।***
***ਸਮਾਂ ਤੁਸਾਂ ਨੂੰ ਦਏ ਅਵਾਜ਼ਾਂ, ਪਾ ਵਹੀਰਾਂ ਆਓ।***
***ਧਰਮ ਯੁੱਧ ਦੇ ਹਵਨ ਕੁੰਡ ਵਿੱਚ, ਜਿੰਦ ਆਹੂਤੀ ਪਾਓ।***
***ਆਓ ਜ਼ਿੰਦਗੀ ਮੌਤ ਦੀਆਂ, ਫਿਰ ਰਲ ਪਈਏ ਬਾਤਾਂ,***
***ਇੱਕ ਦੂਜੇ ਦਾ ਦਰਦ ਵੰਡਾਈਏ, ਲੰਘਣ ਕਾਲੀਆਂ ਰਾਤਾਂ।''***

ਸਿੱਖ ਜਜ਼ਬੇ ਨੂੰ ਕਾਵਿ ਰੂਪ ਦਿੰਦੀਆਂ ਉਪਰੋਕਤ ਸਤਰਾਂ ਪ੍ਰਸਿੱਧ ਸ਼ਾਇਰ ਗੁਰਦਿੱਤ ਸਿੰਘ ਕੁੰਦਨ ਦੇ ਬੰਦਾ ਸਿੰਘ ਬਹਾਦਰ ਉਪਰ ਲਿਖੇ ਮਹਾਂਕਾਵਿ 'ਲਹੂ ਤੇ ਲਾਟਾਂ' ਵਿੱਚੋਂ ਲਈਆਂ ਗਈਆਂ ਹਨ। ਦਰਅਸਲ ਜੇਕਰ ਬੰਦਾ ਸਿੰਘ ਬਹਾਦਰ ਬਾਰੇ ਗੱਲ ਕਰਦਿਆਂ ਇਸ ਪ੍ਰਸਿੱਧ ਸ਼ਾਇਰ ਦੇ ਉਸ ਉਪਰ ਲਿਖੇ ਮਹਾਂਕਾਵਿ ਦਾ ਜ਼ਿਕਰ ਨਾ ਕੀਤਾ ਜਾਵੇ ਤਾਂ ਬੰਦਾ ਸਿੰਘ ਬਹਾਦਰ ਦੇ ਨਾਲ-ਨਾਲ ਗੁਰਦਿੱਤ ਸਿੰਘ ਕੁੰਦਨ ਨਾਲ ਵੀ ਬੇਇੰਨਸਾਫ਼ੀ ਹੋਵੇਗੀ, ਇਸ ਲਈ ਮੈਂ ਓਦੋਂ ਦੇ ਸਿੱਖ ਜਜ਼ਬਿਆਂ ਦਾ ਬਿਆਨ ਕਰਨ ਲਈ ਇਸ ਮਹਾਂਕਾਵਿ ਦਾ ਸਹਾਰਾ ਲੈਣਾ ਜ਼ਰੂਰੀ ਸਮਝਦਾ ਹਾਂ। ਖ਼ੈਰ!

ਪੰਜਾਬ ਵਿੱਚ ਦਾਖ਼ਲ ਹੁੰਦਿਆਂ ਹੀ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ ਗਏ। ਇਹ ਸੁਨੇਹੇ ਕਿਸੇ ਬੈਰਾਗੀਆਂ ਦੀ ਜਥੇਬੰਦੀ ਨੂੰ ਨਹੀਂ ਸੀ ਭੇਜੇ ਗਏ, ਜਿਹੜੇ ਘਰੇਲੂ ਜ਼ਿੰਮੇਵਾਰੀਆਂ ਤੋਂ ਭਗੌੜੇ ਹੋ ਕੇ 'ਤਿਆਗੀ' ਬਣੇ ਫਿਰਦੇ ਸਨ, ਇਹ ਸੁਨੇਹੇ ਸੰਤ ਸਿਪਾਹੀਆਂ ਦੇ ਉਸ ਅਣਖੀਲੇ ਪੰਥ ਨਾਲ ਸੰਬੰਧਿਤ ਮਰਜੀਵੜਿਆਂ ਨੂੰ ਭੇਜੇ ਗਏ ਸਨ, ਜਿਨ੍ਹਾਂ ਨੇ ਦੁਨੀਆਂ ਨੂੰ ਅਸਲ 'ਤਿਆਗ' ਦੇ ਅਰਥ ਸਮਝਾਉਣੇ ਸਨ। ਇਹ ਸੁਨੇਹੇ ਮਿਲਦਿਆਂ ਹੀ ਸਿੱਖ ਪਰਿਵਾਰਾਂ ਦੇ 'ਤਿਆਗ' ਦਾ ਜਿਹੜਾ ਅਮਲੀ ਆਦਰਸ਼ ਦੁਨੀਆਂ ਨੇ ਵੇਖਿਆ, ਉਹ ਲਾਜੁਆਬ ਸੀ। ਕਵੀ ਕੁੰਦਨ ਅਨੁਸਾਰ :

***ਪੌਹਣ ਨਾ ਦਿੱਤੀਆਂ ਜਿਨ੍ਹਾਂ ਨੂੰ ਸੀ, ਤੱਤੀਆਂ ਕਦੀ ਹਵਾਵਾਂ,***
***ਬਲਦੀ ਅੱਗ ਵੱਲ ਹੱਸਦਿਆਂ ਤੋਰੇ, ਚੰਦ ਪੁੱਤਰ ਸਨ ਮਾਂਵਾਂ।***
***ਸਰਵਣ ਵੀਰ ਸੀ ਭੈਣ ਕਿਸੇ ਦਾ, ਅਣਖ ਵਿਆਹਵਣ ਤੁਰਿਆ,***
***ਮਸੂਮਾਂ ਦੀ ਅਜ਼ਮਤ ਨੂੰ ਸੀ, ਸੀਸ ਨਿਵਾਵਣ ਤੁਰਿਆ।***
***ਕਿਸੇ ਸੁਹਾਗਣ ਕਿੱਲੀਓਂ ਲਾਹ ਕੇ, ਪਤੀ ਨੂੰ ਤੇਗ ਫੜਾਈ,***
***ਆਪ ਸੀ ਮਾਣੀ ਵਸਲੋਂ ਵਧ ਕੇ, ਸਾਰੀ ਉਮਰ ਜੁਦਾਈ।***

*ਮਾਂ ਜਾਇਆ ਸੀ ਵੀਰ ਕਿਸੇ ਨੇ, ਰਾਹ ਸਰਹੰਦ ਦੇ ਪਾਇਆ,*
*ਤੋੜ ਆਪਣੀ ਸਾਂਝ ਖ਼ੂਨ ਦੀ, ਦਿਲੋਂ ਸੀ ਸ਼ੁਕਰ ਮਨਾਇਆ।*
*ਪਿਤਾ ਕਿਸੇ ਨੇ ਮੋਹ ਦਾ ਚਾਨਣ, ਉਸ ਦੀ ਭੇਟ ਚੜ੍ਹਾਇਆ,*
*ਜਿਸ ਨੇ ਆਪਣੇ ਦੀਪ ਬੁਝਾ ਕੇ, ਜੱਗ ਨੂੰ ਸੀ ਰੁਸ਼ਨਾਇਆ।*

ਇਸ ਪਿੱਛੋਂ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖ ਲਹਿਰ ਇੱਕ ਅਜਿਹੀ ਹਨੇਰੀ ਬਣ ਕੇ ਝੁੱਲੀ, ਜਿਸ ਦੇ ਅੱਗੇ ਜ਼ੁਲਮ ਦੇ ਵੱਡੇ-ਵੱਡੇ ਗੜ੍ਹ ਕੱਖ-ਕਾਨਿਆਂ ਵਾਂਗ ਉੱਡ ਗਏ। ਇਹ ਗੱਲ ਧਿਆਨ ਵਿੱਚ ਰੱਖੇ ਜਾਣ ਦੀ ਲੋੜ ਹੈ ਕਿ ਇਸ ਲਹਿਰ ਨੇ 'ਜ਼ੁਲਮ' ਅਤੇ 'ਜ਼ਾਲਮ' ਦਾ ਨਾਸ਼ ਹੀ ਕੀਤਾ, ਆਮ ਨਾਗਰਿਕਾਂ ਦਾ ਨਹੀਂ। ਇਹ ਮੰਨੀ ਹੋਈ ਸਚਾਈ ਹੈ ਕਿ ਸਥਾਪਤ ਨਿਜ਼ਾਮ ਜਦੋਂ ਵੀ ਕਿਸੇ ਲਹਿਰ ਨੂੰ ਆਪਣੇ ਲਈ ਖ਼ਤਰਾ ਮਹਿਸੂਸ ਕਰਦਾ ਹੈ ਤਾਂ ਸਭ ਤੋਂ ਪਹਿਲਾ ਕੰਮ ਉਸ ਲਹਿਰ ਨੂੰ ਲੋਕਾਂ ਵਿੱਚ ਬਦਨਾਮ ਕਰਨ ਦਾ ਕਰਦਾ ਹੈ। ਮੁਗ਼ਲ ਸਾਮਰਾਜ ਨੇ ਵੀ ਹਮਲਾਵਰ ਬਣੀ ਸਿੱਖ ਲਹਿਰ ਵਿਰੁੱਧ ਇਹੀ ਕੁਝ ਕੀਤਾ। ਅਸਲ ਵਿੱਚ ਬੰਦਾ ਸਿੰਘ ਬਹਾਦਰ ਨੂੰ 'ਧਾੜਵੀ', 'ਬੇਰਹਿਮ ਕਾਤਲ' ਆਦਿ ਵਰਗੇ ਸ਼ਬਦਾਂ ਨਾਲ ਉਹਨਾਂ ਮੁਸਲਿਮ ਲੇਖਕਾਂ ਨੇ ਹੀ ਸੰਬੋਧਨ ਕੀਤਾ ਜੋ ਕਿ ਮੁਗ਼ਲ ਹਕੂਮਤ ਵੱਲੋਂ ਇਸਲਾਮ ਦੇ ਨਾਂ ਹੇਠ ਕੀਤੇ ਜਾ ਰਹੇ ਅਣਮਨੁੱਖੀ ਜ਼ੁਲਮਾਂ ਨੂੰ ਸਵਾਬ (ਪੁੰਨ) ਸਮਝਦੇ ਸਨ। ਜਿੱਥੋਂ ਤਕ ਮੁਸਲਮਾਨਾਂ ਬਾਰੇ ਬੰਦਾ ਸਿੰਘ ਬਹਾਦਰ ਦੇ ਨਜ਼ਰੀਏ ਦਾ ਸਵਾਲ ਹੈ, ਹਕੂਮਤ ਦੇ ਸੂਹੀਆਂ ਵਿਭਾਗ ਵੱਲੋਂ ਮਿਤੀ 28-4-1711 ਨੂੰ ਭੇਜੀ ਗਈ ਇਹ ਹੇਠ ਲਿਖੀ ਰਿਪੋਰਟ ਹੀ ਉਹਨਾਂ ਉੱਪਰ ਲਗਾਏ ਗਏ ਮੁਸਲਿਮ-ਵਿਰੋਧੀ ਹੋਣ ਦੇ ਦੋਸ਼ ਦੀਆਂ ਧੱਜੀਆਂ ਉਡਾਉਣ ਲਈ ਕਾਫ਼ੀ ਹੈ:

''ਉਸ (ਬੰਦਾ ਸਿੰਘ) ਨੇ ਬਚਨ ਦਿੱਤਾ ਹੈ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਚੁਨਾਂਚਿ ਜੋ ਵੀ ਮੁਸਲਮਾਨ ਉਸ ਵੱਲ ਰਜੂਹ ਹੁੰਦਾ ਹੈ ਉਹ ਉਸ ਦੀ ਦਿਹਾੜੀ ਅਤੇ ਤਨਖਾਹ ਨਿਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖ਼ੁਤਬਾ ਮੁਸਲਮਾਨ ਜਿਵੇਂ ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੱਖਾਂ ਦੀ ਫ਼ੌਜ ਵਿੱਚ ਬਾਂਗ ਅਤੇ ਨਮਾਜ਼ ਵੱਲੋਂ ਸੁਖ ਪਾ ਰਹੇ ਹਨ।''

ਇਹ ਰਿਪੋਰਟ ਜਿੱਥੇ ਬੰਦਾ ਸਿੰਘ ਜਾਂ ਸਿੱਖ ਲਹਿਰ ਦੇ ਮੁਸਲਿਮ ਵਿਰੋਧੀ ਹੋਣ ਦੇ ਦੋਸ਼ ਦਾ ਖੰਡਨ ਕਰਦੀ ਹੈ, ਉਥੇ ਉਸ ਦੇ ਲੋਕ-ਪੱਖੀ ਹੋਣ ਦੇ ਪੱਖ ਨੂੰ ਵੀ ਉਘਾੜਦੀ ਹੈ, ਕਿਉਂਕਿ ਮੁਗ਼ਲ ਸਲਤਨਤ ਵਿੱਚ, ਉਸ ਨੂੰ ਮਲੀਆਮੇਟ ਕਰਨ ਲਈ ਉੱਠੀ ਲਹਿਰ ਦਾ ਮੁਸਲਮਾਨਾਂ ਵੱਲੋਂ ਹੀ ਸਾਥ ਦੇਣਾ ਕੋਈ ਮਾਮੂਲੀ ਗੱਲ ਨਹੀਂ। ਇਸ ਦਾ ਕਾਰਨ ਨਿਸ਼ਚੇ ਹੀ ਇਹ ਹੈ ਕਿ ਸਿੱਖ ਲਹਿਰ ਨੇ ਜਿਹੜੇ ਜਿਹੜੇ ਇਲਾਕੇ ਮੱਲੇ, ਉਥੇ ਸਦੀਆਂ ਤੋਂ ਹੁੰਦੀ ਆ ਰਹੀ ਮਿਹਨਤਕਸ਼ ਦੀ ਲੁੱਟ ਨੂੰ ਕੇਵਲ ਠੱਲ੍ਹ ਹੀ ਨਹੀਂ ਪਾਈ, ਸਗੋਂ ਉਹਨਾਂ ਦਾ ਸਦੀਆਂ ਤੋਂ ਜਾਗੀਰਦਾਰੀ ਤੇ ਸਰਮਾਏਦਾਰੀ ਵੱਲੋਂ ਦੱਬਿਆ ਹੱਕ ਖੋਹ ਕੇ ਉਹਨਾਂ ਨੂੰ ਦਿੱਤਾ ਅਤੇ ਮਿਹਨਤਕਸ਼ ਲੋਕ ਮਜ਼੍ਹਬ ਦੇ ਖ਼ਿਆਲ ਨੂੰ ਲਾਂਭੇ ਰੱਖ ਕੇ ਬੰਦਾ ਸਿੰਘ ਦੇ ਨਾਲ ਤੁਰ ਪਏ। ਇਸ ਇਨਕਲਾਬ ਦਾ ਜ਼ਿਕਰ ਕੁੰਦਨ ਇਉਂ ਕਰਦਾ ਹੈ:

*ਇਸ ਛੋਟੇ ਰਾਜ ਨੇ ਸੀ, ਇੱਕ ਇਨਕਲਾਬ ਆਂਦਾ,*
*ਅੱਜ ਤਕ ਪੰਜਾਬ ਸਾਰਾ,ਜਿਸ ਦਾ ਹੈ ਜਸ ਗਾਂਦਾ।*
*ਦੱਬੇ ਸੀ ਲੋਕ ਉੱਠੇ, ਐਸਾ ਭੂਚਾਲ ਆਇਆ,*
*ਦਿੱਲੀ ਦਾ ਤਖ਼ਤ ਵੀ ਸੀ, ਇੱਕ ਵਾਰ ਲੜਖੜਾਇਆ।*
*ਵਧ ਗਏ ਉਕਾਬ ਨਾਲੋਂ, ਜਿਗਰੇ ਸੀ ਘੁੱਗੀਆਂ ਦੇ,*
*ਮਹਿਲਾਂ ਲਈ ਨਾਗ ਬਣ ਗਏ, ਤੀਲ੍ਹੇ ਸੀ ਝੁੱਗੀਆਂ ਦੇ।*
*ਮਿੱਟੀ ਸੀ ਮੌਲ ਉੱਠੀ, ਮਿਹਨਤ ਸੀ ਮੁਸਕਰਾਈ,*
*ਸਦੀਆਂ ਦੇ ਮੁਰਦਿਆਂ ਵਿੱਚ, ਮੁੜ ਕੇ ਸੀ ਜਾਨ ਆਈ।*

ਪਰ ਚਿਰਾਂ ਤੋਂ ਸਥਾਪਤ ਸਲਤਨਤਾਂ ਕੋਲ ਹੋਰ ਸਾਧਨਾਂ ਵਾਂਗ ਪ੍ਰਚਾਰ ਦੇ ਸਾਧਨ ਵੀ ਬੇਮਿਸਾਲ ਹੁੰਦੇ ਹਨ, ਜਿਨ੍ਹਾਂ ਰਾਹੀਂ ਆਮ ਲੁਕਾਈ ਵਿੱਚ ਬੰਦਾ ਸਿੰਘ ਬਹਾਦਰ ਦਾ ਅਕਸ ਇੱਕ ਜ਼ਾਲਮ ਧਾੜਵੀ ਵਾਂਗ ਪ੍ਰਚਲਿਤ ਕਰ ਦਿੱਤਾ ਗਿਆ ਤੇ ਉਸ ਨੂੰ ਮੁਸਲਿਮ-ਵਿਰੋਧੀ ਗਰਦਾਨ ਕੇ ਜਿਹਾਦੀ ਝੰਡੇ ਹੇਠ ਬਿਨਾਂ

ਤਨਖ਼ਾਹ ਦੀ ਅਣਗਿਣਤ ਫ਼ੌਜ ਵੀ ਇਕੱਠੀ ਕਰ ਲਈ ਗਈ। ਹਾਕਮ ਸਿਆਸਤ ਵਰਤ ਰਹੇ ਸਨ ਤੇ ਦੂਜੇ ਪਾਸੇ ਸਿੱਖ ਮਿਸ਼ਨ ਨੂੰ ਸਮਰਪਿਤ ਬੰਦਾ ਸਿੰਘ ਆਮ ਲੋਕਾਂ ਲਈ ਧਰਮ-ਯੁੱਧ ਲੜ ਰਿਹਾ ਸੀ। ਉਸ ਨੇ ਸਿੱਕਾ ਵੀ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਜਾਰੀ ਕੀਤਾ ਸੀ। ਪਰ ਜਿੰਨੇ ਕੁ ਲੋਕਾਂ ਨੇ ਉਸ ਦੀ ਅਗਵਾਈ ਹੇਠਲੀ ਸਿੱਖ ਲਹਿਰ ਦੀ ਤੇਗ਼ ਦੀ ਛਾਂ ਮਾਣੀ, ਉਹ ਹੀ ਉਸ ਨੂੰ ਸਹੀ ਰੂਪ ਵਿੱਚ ਸਮਝ ਸਕੇ, ਬਾਕੀ ਸਾਰਾ ਦੇਸ਼ ਹਾਕਮਾਂ ਦੇ ਪ੍ਰਚਾਰ ਦੇ ਅਸਰ ਹੇਠ ਆ ਗਿਆ ਤੇ ਬੰਦਾ ਸਿੰਘ ਨੂੰ ਇੱਕ ਜਾਬਰ ਧਾੜਵੀ ਸਮਝਣ ਲੱਗ ਪਿਆ। ਚਾਰ-ਚੁਫੇਰਿਓਂ ਪੂਰਾ ਦੇਸ਼ ਚੜ੍ਹ ਕੇ ਇਹਨਾਂ ਮੁੱਠੀ ਭਰ ਸੂਰਿਆਂ 'ਤੇ ਆ ਪਿਆ ਤੇ ਕਾਫ਼ੀ ਜੱਦੋ-ਜਹਿਦ ਉਪਰੰਤ ਜ਼ਾਬਰ ਹਕੂਮਤ ਲਈ ਇੱਕ ਵੱਡਾ ਖ਼ਤਰਾ ਬਣ ਚੁੱਕੇ ਇਹਨਾਂ ਮੁੱਠੀ ਭਰ ਮਰਜੀਵੜਿਆਂ ਦੇ ਕਾਫ਼ਲੇ ਦੇ ਚੋਣਵੇਂ ਸਿਪਾਹੀਆਂ ਸਮੇਤ ਜਰਨੈਲ ਨੂੰ ਵੀ ਜ਼ੰਜੀਰਾਂ ਵਿੱਚ ਜਕੜ ਲਿਆ ਗਿਆ। ਹਕੂਮਤ ਨੇ ਇਹਨਾਂ ਸਿਰਲੱਥਾਂ ਵਿਰੁੱਧ ਲੋਕਾਂ ਦੇ ਮਨਾਂ ਵਿੱਚ ਕਿਸ ਕਦਰ ਨਫ਼ਰਤ ਭਰ ਦਿੱਤੀ ਸੀ, ਇਸ ਦਾ ਪਤਾ ਇਸ ਕੈਦੀ ਜਲੂਸ ਦੇ ਦਿੱਲੀ ਦੇ ਬਜ਼ਾਰਾਂ ਵਿੱਚੋਂ ਲੰਘਣ ਸਮੇਂ ਦੇ ਹਾਲਾਤ ਪੜ੍ਹ ਕੇ ਲੱਗਦਾ ਹੈ ਜਦੋਂ ਸੜਕਾਂ ਦੇ ਦੋਵੇਂ ਪਾਸਿਆਂ 'ਤੇ ਖਲੋਤੇ ਲੋਕ ਇਹਨਾਂ ਕੈਦੀ ਬੀਰਾਂ ਨੂੰ ਅਪਮਾਨਜਨਕ ਅਵਾਜ਼ੇ ਕੱਸਦੇ ਸਨ, ਪਰ ਜਿਨ੍ਹਾਂ ਆਮ ਲੋਕਾਂ ਨੇ ਇਹਨਾਂ ਕੈਦੀਆਂ ਦੀਆਂ ਤੇਗ਼ਾਂ ਦੀਆਂ ਛਾਂਵਾਂ ਮਾਣੀਆਂ ਸਨ, ਉਹਨਾਂ ਦੇ ਦਿਲ ਦੀਆਂ ਹੂਕਾਂ ਕੋਈ ਸ਼ਾਇਰ ਹੀ ਬਿਆਨ ਕਰ ਸਕਦਾ ਹੈ:

***ਔਹ ਡਿਠਾਂ ਪਿੰਜਰੇ ਦਾ ਕੈਦੀ, ਸੀਖਾਂ ਵਿੱਚ ਤੁਫਾਨ ਕੈਦ ਹੈ,***
***ਕਿਸੇ ਦਾ ਅਜ਼ਰਾਈਲ ਕੈਦ ਹੈ, ਕਿਸੇ ਦਾ ਇਹ ਲੁਕਮਾਨ ਕੈਦ ਹੈ,***
***ਜ਼ਾਲਮ ਦੀ ਇਹ ਮੌਤ ਕੈਦ ਹੈ, ਮਜ਼ਲੂਮਾਂ ਦੀ ਜਾਨ ਕੈਦ ਹੈ,***
***ਇਹ ਬੰਦਾ ਨਹੀਂ ਹੋਇਆ ਕੈਦੀ, ਸਾਰਾ ਹਿੰਦੁਸਤਾਨ ਕੈਦ ਹੈ।***

(ਉਹੀ)

ਬੜੇ ਖ਼ੁਸ਼ ਸਨ ਹਿੰਦੁਸਤਾਨ ਦੇ ਤਖ਼ਤ 'ਤੇ ਬਿਰਾਜਮਾਨ ਜ਼ਾਲਮ ਹਾਕਮ। ਉਹ ਸਮਝ ਰਹੇ ਸਨ ਕਿ ਸਾਡੀ ਹਕੂਮਤ ਵਿਰੁੱਧ ਉੱਠੀ ਇੱਕ ਵੱਡੀ ਚੁਣੌਤੀ ਦਾ ਮੂੰਹ ਮੋੜ ਦਿੱਤਾ ਗਿਆ ਹੈ। ਉਹ ਛੇਤੀ ਨਾਲ ਬੰਦਾ ਸਿੰਘ ਦਾ ਸਿਰ ਆਪਣੇ ਕਦਮਾਂ 'ਤੇ ਰਹਿਮ ਦੀ ਭੀਖ ਲਈ ਝੁਕਿਆ ਖ਼ੁਦ ਵੀ ਵੇਖਣਾ ਚਾਹੁੰਦੇ ਸਨ ਤੇ ਆਪਣੀ ਜਨਤਾ ਨੂੰ ਵੀ ਵਿਖਾਉਣਾ ਚਾਹੁੰਦੇ ਸਨ, ਪਰ ਇਹ ਸਿਰ ਉਹਨਾਂ ਸਿਰਾਂ ਵਿੱਚੋਂ ਨਹੀਂ ਸਨ ਜਿਹੜੇ ਮੌਤ ਨੂੰ ਸਾਹਵੇਂ ਵੇਖ ਕੇ ਝੁੱਕ ਜਾਇਆ ਕਰਦੇ ਸਨ। ਸਿੱਖੀ ਦੇ ਇਹ ਪਤੰਗੇ ਧਰਮ ਦੀ ਸ਼ਮ੍ਹਾਂ 'ਤੇ ਸੜਨ ਲਈ ਤਿਆਰ ਸਨ ਤੇ ਅਜਿਹੀ ਮੌਤ ਮਰਨਾ ਲੋਚਦੇ ਸਨ,ਜਿਹੜੀ ਮੌਤ ਕਈ ਤੁਰੇ-ਫਿਰਦੇ ਮੁਰਦਿਆਂ ਨੂੰ ਵੀ ਜ਼ਿੰਦਗੀ ਦੇ ਅਰਥ ਸਮਝ ਕੇ ਉਸੇ ਹੀ ਬਿਖੜੇ ਪੈਂਡੇ ਦੇ ਪਾਂਧੀ ਬਣਾ ਦੇਵੇ, ਜਿਸ ਨੂੰ ਲਿਤਾੜ ਕੇ ਉਹ ਖ਼ੁਦ ਅਮਰ ਪਦ ਵਾਲੀ ਮੌਤ ਦੇ ਦਰ 'ਤੇ ਪੁੱਜੇ ਸਨ। ਇਸੇ ਲਈ ਕਿਸੇ ਵੀ ਸੂਰਮੇ ਦੇ ਸਿੱਖੀ ਸਿਦਕ ਵਿੱਚ ਤਰੇੜ ਤਕ ਪਾਉਣੋਂ ਵੀ ਨਾਕਾਮ ਰਹਿਣ ਉਪਰੰਤ ਜਦੋਂ ਹਾਕਮ ਇਸ ਪਿੱਛੋਂ ਸਾਰੇ ਸਿਰਲੱਥ ਕਾਫ਼ਲੇ ਨੂੰ ਬੇਰਹਿਮੀ ਨਾਲ ਸ਼ਹੀਦ ਕਰਨ ਪਿੱਛੋਂ ਬੰਦਾ ਸਿੰਘ ਨੂੰ ਵੀ ਖ਼ੌਫ਼ਨਾਕ ਤਸੀਹੇ ਦਿੰਦੇ ਹੋਏ ਇੱਕ ਬਾਗ਼ੀ ਦੇ ਖ਼ਤਮ ਹੋਣ ਦਾ ਭਰਮ ਪਾਲ ਰਹੇ ਸਨ, ਓਦੋਂ ਮੌਤ ਨਾਲ ਗਲਵੱਕੜੀ ਪਾ ਰਿਹਾ ਇਹ ਸੂਰਮਾ, ਮਾਨੋ ਹੱਸਦਾ ਹੋਇਆ ਇਹ ਹਕੀਕਤ ਬਿਆਨ ਕਰ ਰਿਹਾ ਸੀ ਕਿ ਬਾਗੀਆਂ ਦੇ ਕਤਲ ਹੋਣ ਜਾਣ ਨਾਲ ਉਹਨਾਂ ਦੀ ਵਿਚਾਰਧਾਰਾ ਖ਼ਤਮ ਨਹੀਂ ਹੁੰਦੀ, ਸਗੋਂ ਚਾਰ-ਚੁਫੇਰੇ ਫੈਲ ਜਾਂਦੀ ਹੈ :

***ਇਹ ਤਾਂ ਇਸ਼ਕ ਦਾ ਇੱਕ ਪੜਾਅ ਹੈ, ਮੇਰੀ ਮੰਜ਼ਲ ਹੋ ਅਗੇਰੇ,***
***ਜਿੱਥੇ ਆਸ਼ਕ ਪੀ ਜਾਂਦੇ ਨੇ, ਸੂਰਜ ਵਾਂਗੂੰ ਕੁੱਲ ਹਨੇਰੇ,***
***ਮੌਤ ਵੀ ਬਣ ਜਾਂਦੀ ਹੈ ਮੁਕਤੀ, ਮਹਿਕ ਕਦੀ ਨਹੀਂ ਮਰਦੀ ਵੇਖੀ,***
***ਫੁੱਲ ਜਦੋਂ ਟਹਿਣੀ ਤੋਂ ਟੁੱਟਣ, ਉਹ ਖਿੱਲਰ ਜਾਂਦੀ ਚਾਰ-ਚੁਫੇਰੇ।***

(ਉਹੀ)

❍

# ਬਹੁਪੱਖੀ ਸ਼ਖਸੀਅਤ ਪ੍ਰਿ.ਜੇ.ਐਸ. ਬਾਵਾ



ਪ੍ਰਿੰ. ਜੇ.ਐਸ. ਬਾਵਾ ਜੀ ਦੇ 24 ਮਾਰਚ 2020 ਨੂੰ ਅਕਾਲ ਚਲਾਣਾ ਕਰਨ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਤੇ ਮਿੱਤਰ ਪਿਆਰਿਆਂ ਨੂੰ ਇਕ ਨਾ ਪੂਰੀ ਹੋਣ ਵਾਲੀ ਘਾਟ ਮਹਿਸੂਸ ਹੋਈ ਹੋਵੇਗੀ। ਉਥੇ ਹੀ ਉਨ੍ਹਾਂ ਸੰਸਥਾਵਾਂ ਨੂੰ ਵੀ ਇਸ ਘਾਟ ਨੂੰ ਪੂਰਾ ਕਰਨ ਲਈ ਬੜਾ ਲੰਬਾ ਸਮਾਂ ਲੱਗੇਗਾ, ਜਿਨ੍ਹਾਂ ਲਈ ਉਨ੍ਹਾਂ ਨੇ ਅਣਥਕ ਮਿਹਨਤ ਕਰਕੇ ਉਨ੍ਹਾਂ ਸੰਸਥਾਵਾਂ ਨੂੰ ਇਕ ਉੱਚੇ ਮੁਕਾਮ 'ਤੇ ਪਹੁੰਚਾਇਆ। ਇਨ੍ਹਾਂ ਵਿਚ ਕੇਸ ਸੰਭਾਲ ਪ੍ਰਚਾਰ ਸੰਸਥਾ ਵੀ ਹੈ। ਜਿੱਥੇ ਉਹ ਸ੍ਰੀ ਗੁਰੂ ਰਾਮਦਾਸ ਸੁਸਾਇਟੀ ਦੇ ਮੁੱਖ ਸਕੱਤਰ ਵਜੋਂ ਹਰ ਸਾਲ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਨੂੰ ਮਨਾਉਂਦੇ ਹੋਏ ਸਾਡੀ ਬਾਲ ਤੇ ਨੌਜਵਾਨ ਪੀੜ੍ਹੀ ਨੂੰ ਕਈ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਜੋੜਦੇ ਸਨ। ਉਥੇ ਹੀ ਸੰਸਥਾ ਦੇ ਵੀ ਕਈ Projects ਵਿਚ ਆਪਣੇ ਵਡਮੁੱਲਾ ਯੋਗਦਾਨ ਦੇ ਕੇ ਉਨ੍ਹਾਂ ਨੂੰ ਸਫਲ ਬਣਾਇਆ। ਖਾਸ ਕਰਕੇ ਸੰਸਥਾ ਲਈ ਇਕ ਅਦਭੁਤ ਕੈਲੰਡਰ ਬਨਾਣ ਲਈ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਹਮੇਸ਼ਾ ਯਾਦ ਰਹੇਗਾ। ਸਾਲ ਦੇ ਇਕ ਇਕ ਦਿਨ ਲਈ ਗੁਰਬਾਣੀ ਤੁਕਾਂ ਨੂੰ ਪਾ ਕੇ ਉਨ੍ਹਾਂ ਨੇ ਕੈਵੰਡਰ ਨੂੰ ਯਾਦਗਾਰੀ ਬਣਾ ਦਿੱਤਾ। ਆਪ ਇਕ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ।

ਆਪ ਜੀ ਨੇ ਲੇਖਕ ਵਜੋਂ ਵੀ ਬਹੁਤ ਮਾਨਤਾ ਪ੍ਰਾਪਤ ਕੀਤੀ। ਉਹਨਾਂ ਦੀ ਬਾਲ ਸਾਹਿਤ ਵਜੋਂ ਲਿਖੀ ਗਈ ਕਿਤਾਬ ''ਮਹਾਨ ਪੰਜਾਬੀ ਸਭਿਆਤਾਵਾਂ'' ਨੂੰ ਪੰਜਾਬ ਭਾਸ਼ਾ ਵਿਭਾਗ ਵਲੋਂ ਪਹਿਲਾ ਇਨਾਮ ਪ੍ਰਾਪਤ ਹੋਇਆ। ਇਸ ਤੋਂ ਇਵਾਲਾ ''ਨਾਨਕ ਰਿਸ਼ਮਾਂ ਝਿਲਮਿਲ ਕਰਦੇ ਤਾਰੇ, ਹੇਰੀਟੇਜ ਆਫ ਅੰਮ੍ਰਿਤਸਰ ਅਤੇ ਧਾਰਮਿਕ ਪੁਸਤਕਾਂ, ''ਗੁਰਬਾਣੀ ਇਸ ਜਗੁ ਮਹਿ ਚਾਨਣ'' ਸ੍ਰੀ ਗੁਰੂ ਰਾਮਦਾਸ ਜੀਵਨ ਦਰਸ਼ਨ ਤੇ ਰਚਨਾ, ਗੁਰੂ ਗਾਥਾ-ਦੁਸ਼ਟ ਦਮਨ ਗੁਰੂ ਗੋਬਿੰਦ ਸਿੰਘ'' ਆਦਿ ਬਹੁਤ ਚਰਚਿਤ ਰਹੀਆਂ।

ਆਪ ਜੀ ਨਾਟਕਾਂ ਦੇ ਵੀ ਰਚਯਿਤਾ ਰਹੇ। ਹਰ ਸਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਗੁਰਪੁਰਬ ਨੂੰ ਸਬੰਧਿਤ ਆਪ ਜੀ ਦੇ ਲਿਖੇ ਨਾਟਕ ਗੁਰੂ ਨਾਨਕ ਦੇਵ ਜੀ ਭਵਨ, ਆਰਟ ਗੈਲਰੀ, ਨਾਟ-ਸ਼ਾਲਾ ਵਿਚ ਪ੍ਰਸਿੱਧ ਨਾਟਕਕਾਰਾਂ ਸ੍ਰੀ ਕੇਵਲ ਧਾਲੀਵਾਲ, ਸ. ਇੰਦਰ ਮੋਹਨ ਸਿੰਘ ਅਨਜਾਨ, ਸ੍ਰੀ ਜਸਵੰਤ ਮਿੰਟੂ ਆਦਿ ਰਾਹੀਂ ਖੇਡੇ ਜਾਂਦੇ ਰਹੇ ਅਤੇ ਸੰਗਤਾਂ ਤੋਂ ਪ੍ਰਸੰਸਾ ਪ੍ਰਾਪਤ ਕਰਦੇ ਰਹੇ। ਇਹਨਾਂ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ 'ਤੇ ਲਿਖਿਆ ਗਿਆ ਨਾਟਕ, ''ਬਬਾਣੇ ਘਰ ਚਾਨਣਾ'', ਸ. ਇੰਦਰ ਮੋਹਨ ਸਿੰਘ ਅਨਜਾਨ ਰਾਹੀਂ ਨਾਟਸ਼ਾਲਾ ਵਿਖੇ ਖੇਡਿਆ ਗਿਆ ਨਾਟਕ ਬਹੁਤ ਪ੍ਰਸਿੱਧ ਹੋਇਆ।

ਕੇਸ ਸੰਭਾਲ ਪ੍ਰਚਾਰ ਸੰਸਥਾ ਸਭ ਸਬੰਧਿਤ ਵਿਅਕਤੀਆਂ ਤੇ ਸੰਸਥਾਵਾਂ ਨਾਲ ਇਸ ਦੁੱਖ ਨੂੰ ਸਾਂਝਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

### ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ

ਪੂਰੇ ਸੰਸਾਰ ਅੰਦਰ ਹਰ ਗੁਰਸਿੱਖ ਦੀ ਸਤਿਗੁਰੂ ਜੀ ਦੇ ਚਰਨਾਂ ਵਿਚ ਇਹੀ ਅਰਦਾਸ ਹੁੰਦੀ ਹੈ ਕਿ ਸੱਚੇ ਪਾਤਸ਼ਾਹ ਮੇਰੀ ਸਿੱਖੀ ਕੇਸਾਂ ਸਵਾਸਾਂ ਨਾਲ ਨਿੱਭ ਜਾਵੇ (ਭਾਵ ਜਦ ਤੱਕ ਮੇਰੇ ਸਵਾਸ ਚਲਦੇ ਰਹਿਣ ਮੇਰੇ ਕੇਸ ਮੇਰੇ ਸਿਰ 'ਤੇ ਸੁਸ਼ੋਭਿਤ ਰਹਿਣ) ਇਹ ਹੈ ਕੇਸਾਂ ਦੀ ਮਹਾਨਤਾ ਜਿਸ ਨੂੰ ਸ਼ਹੀਦ ਭਾਈ ਤਾਰੂ ਸਿੰਘ ਨਿਭਾਅ ਕੇ ਇਕ ਵਿਲੱਖਣ ਸ਼ਹੀਦੀ ਪ੍ਰਾਪਤ ਕੀਤੀ ਤੇ ਸ਼ਾਇਦ ਇਨ੍ਹਾਂ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ 1999 ਵਿਚ ਖ਼ਾਲਸਾ ਪੰਥ ਦੀ ਤ੍ਰੈ ਸ਼ਤਾਬਦੀ ਦੇ ਮੌਕੇ 'ਤੇ ਸ੍ਰ. ਸੁਰਿੰਦਰਜੀਤ ਸਿੰਘ ਪਾਲ ਜੀ ਨੇ ਕੇਸ ਸੰਭਾਲ ਪ੍ਰਚਾਰ ਸੰਸਥਾ ਦੀ ਨੀਂਹ ਰੱਖੀ ਅਤੇ ਸਿੱਖੀ ਦੇ ਪ੍ਰਚਾਰ, ਪਸਾਰ ਵਾਸਤੇ ਨਿਰੰਤਰ ਸੇਵਾ ਨਿਭਾਈ ਜਾ ਰਹੀ ਹੈ।

ਭਾਈ ਤਾਰੂ ਸਿੰਘ ਜੀ ਸ਼ਹੀਦ ਦਾ ਜੀਵਨ ਅਤੇ ਕੁਰਬਾਨੀ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਸਿੱਖ ਇਤਿਹਾਸ ਵਿੱਚ ਇਕ ਵਿਲੱਖਣ ਸਥਾਨ ਰੱਖਦੀ ਹੈ। ਗੁਰੂ ਦਾ ਸਿੱਖ ਜਦ ਵੀ ਅਰਦਾਸ ਕਰਦਾ ਹੈ। ਅਰਦਾਸ ਵਿਚ ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਤਨ ਚਿਰਵਾਏ, ਖੋਪੜੀਆਂ ਲੁਹਾਈਆਂ, ਬੰਦ-ਬੰਦ ਕਟਵਾਏ ਬੋਲਦਿਆਂ ਸਹਿਜੇ ਹੀ ਭਾਈ ਤਾਰੂ ਸਿੰਘ ਜੀ ਦਾ ਧਿਆਨ ਜ਼ਰੂਰ ਆਉਂਦਾ ਹੈ। ਉਪਰੋਕਤ 4 ਤਰ੍ਹਾਂ ਦੀਆਂ ਸਜ਼ਾਵਾਂ ਭਾਈ ਸਾਹਿਬ ਨਾਲ ਜੁੜੀਆਂ ਹੋਈਆਂ ਹਨ। ਕਿਉਂਕਿ ਭਾਈ ਸਾਹਿਬ ਨੂੰ ਪਹਿਲਾਂ ਚਰਖੜੀ 'ਤੇ ਚੜ੍ਹਾਇਆ ਗਿਆ ਜਦ ਉਹ ਡੋਲੇ ਨਾ ਤਾਂ ਕੇਸ ਕਤਲ ਕਰਨ ਦੀ ਸਜ਼ਾ ਦਿੱਤੀ ਗਈ। ਜਦ ਉਸ ਵਿਚ ਜ਼ਕਰੀਆ ਖ਼ਾਂ ਸਫਲ ਨਾ ਹੋਇਆ ਖੋਪੜੀ ਲਾਹੁਣ ਤੱਕ ਗੱਲ ਪਹੁੰਚੀ। ਇਸ ਤੋਂ ਪਹਿਲਾਂ ਦਾ ਭਾਈ ਸਾਹਿਬ ਭਾਈ ਤਾਰੂ ਸਿੰਘ ਜੀ ਦਾ ਜੀਵਨ ਅਤੇ ਖੋਪੜੀ ਲੁਹਾਣ ਤੱਕ ਦੀ ਕਹਾਣੀ ਬਹੁਤ ਹੀ ਸਿੱਖੀ ਸਿੱਦਕ, ਗੌਰਵਤਾ ਅਤੇ ਕੁਰਬਾਨੀ ਦੀ ਸਿਖਰ ਵਾਲੀ ਹੈ। ਭਾਈ ਤਾਰੂ ਸਿੰਘ ਜੀ ਦਾ ਮੁੱਢਲਾ ਜੀਵਨ ਕੁਝ ਇਸ ਪ੍ਰਕਾਰ ਹੈ।

ਭਾਈ ਤਾਰੂ ਸਿੰਘ ਦਾ ਜਨਮ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨ ਤਾਰਨ) ਵਿਖੇ ਹੋਇਆ। ਬਚਪਨ ਵਿਚ ਹੀ ਪਿਤਾ ਜੀ ਦੀ ਮੌਤ ਹੋ ਗਈ। ਭਾਈ ਸਾਹਿਬ ਦੀ ਇਕ ਭੈਣ ਅਤੇ ਭਾਈ ਤਾਰੂ ਸਿੰਘ ਦਾ ਪਾਲਣ ਪੋਸ਼ਣ ਉਨ੍ਹਾਂ ਦੀ ਮਾਤਾ ਨੇ ਗੁਰਸਿੱਖੀ ਜੀਵਨ ਦੀ ਪਾਨ ਚੜ੍ਹਾ ਕੇ ਕੀਤਾ। ਇਸ ਕਰਕੇ ਭਾਈ ਤਾਰੂ ਸਿੰਘ ਜੀ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਮਾਲਕ ਸਨ। ਗੁਰੂ ਜੀ 'ਤੇ ਅਥਾਹ ਸ਼ਰਧਾ ਅਤੇ ਭਰੋਸਾ ਸੀ। ਭਾਈ ਸਾਹਿਬ ਨੇ ਛੋਟੀ ਉਮਰ ਵਿਚ ਹੀ ਅੰਮ੍ਰਿਤਪਾਨ ਕਰ ਲਿਆ। ਖਾਲਸਈ ਬਾਣਾ ਪਾ ਕੇ ਬਾਣੀ ਅਤੇ ਬਾਣੇ ਦੇ ਪੱਕੇ ਧਾਰਨੀ ਹੋ ਗਏ। ਕਿਸਾਨ ਪ੍ਰੀਵਾਰ ਵਿਚ ਜਨਮ ਲੈਣ ਕਾਰਨ ਭਾਈ ਸਾਹਿਬ ਖੇਤੀ ਕਰਕੇ ਜਿੱਥੇ ਆਪਣੇ ਪ੍ਰੀਵਾਰ ਦਾ ਗੁਜ਼ਾਰਾ ਕਰਦੇ, ਉਥੇ ਨਾਲ ਦੇ ਨਾਲ ਦਸਮੇਸ਼ ਪਿਤਾ ਜੀ ਵੱਲੋਂ ਸਾਜਿਆ ਖ਼ਾਲਸਾ ਹੱਕ, ਸੱਚ, ਇਨਸਾਫ਼ ਲਈ ਮੁਗ਼ਲੀਆ ਹਕੂਮਤ ਦੀ ਧੱਕੇਸ਼ਾਹੀ ਦੇ ਵਿਰੁੱਧ ਧਰਮ ਯੁੱਧ ਲੜ ਰਿਹਾ ਸੀ, ਮੁਗਲ ਸਰਕਾਰ ਅਤੇ ਉਸ ਦੇ ਅਹਿਲਕਾਰ ਸਿੱਖਾਂ ਦੇ ਜਾਨੀ ਦੁਸ਼ਮਣ ਬਣੇ ਹੋਏ ਸਨ ਜਿਸ ਕਾਰਨ ਸਿੱਖ ਜੰਗਲਾਂ ਵਿਚ ਲੁਕ ਕੇ ਗੁਰੀਲਾ ਯੁੱਧ ਲੜ ਰਹੇ ਸਨ। ਭਾਈ ਤਾਰੂ ਸਿੰਘ ਜੀ ਆਪਣੀ ਸੱਚੀ ਸੁੱਚੀ ਕਿਰਤ ਕਮਾਈ ਨਾਲ ਦਾਲ-ਪ੍ਰਸ਼ਾਦਾ ਤਿਆਰ ਕਰਕੇ ਜੰਗਲਾਂ

ਵਿਚ ਪਹੁੰਚ ਕੇ ਆਪਣੇ ਦਸਮੇਸ਼ ਪਿਤਾ ਦੀਆਂ ਲਾਡਲੀਆਂ ਫੌਜਾਂ ਨੂੰ ਲੰਗਰ ਛਕਾ ਕੇ ਕੁਰਬਾਨੀ ਵਾਲੇ ਗੁਰਸਿੱਖਾਂ ਪਾਸੋਂ ਅਸੀਸਾਂ ਪ੍ਰਾਪਤ ਕਰਦੇ, ਉਹ ਸਿਦਕੀ ਅਤੇ ਕੁਰਬਾਨੀ ਵਾਲੇ ਗੁਰਸਿੱਖ ਹਮੇਸ਼ਾਂ ਉਹਨਾਂ ਨੂੰ ਇਹੀ ਅਸੀਸ ਬਖਸ਼ਦੇ ਕਿ ਤੇਰੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇ ਤੇ ਅੰਤ ਨੂੰ ਉਹਨਾਂ ਕੁਰਬਾਨੀ ਵਾਲੀਆਂ ਗੁਰਸਿੱਖ ਰੂਹਾਂ ਦੀਆਂ ਅਸੀਸਾਂ ਰੰਗ ਲਿਆਈਆਂ ਤੇ ਇਕ ਹਰਭਗਤ ਨਿਰੰਜਨੀਆ ਨਾਮ ਦੇ ਮੁਖਬਰ ਨੇ ਜ਼ਕਰੀਆ ਖ਼ਾਂ ਨੂੰ ਭਾਈ ਤਾਰੂ ਸਿੰਘ ਜੀ ਦੀ ਸ਼ਿਕਾਇਤ ਲਾਹੌਰ ਜਾ ਕੇ ਕਰ ਦਿੱਤੀ ਕਿ ਤਾਰੂ ਸਿੰਘ ਹਕੂਮਤ ਦੇ ਬਾਗੀਆਂ ਨਾਲ ਰਲਿਆ ਹੋਇਆ ਹੈ ਅਤੇ ਉਹਨਾਂ ਨੂੰ ਲੰਗਰ ਪਾਣੀ ਤੇ ਹੋਰ ਜ਼ਰੂਰੀ ਵਸਤਾਂ ਦੀ ਮੁਹੱਈਆ ਕਰਾਉਂਦਾ ਹੈ। ਫਿਰ ਕੀ ਸੀ ਜ਼ਕਰੀਆ ਖ਼ਾਂ ਨੇ ਆਪਣੇ ਸਿਪਾਹੀ ਭੇਜ ਕੇ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜ਼ਕਰੀਆ ਖ਼ਾਂ ਭਾਈ ਤਾਰੂ ਸਿੰਘ ਨੂੰ ਇਸਲਾਮ ਕਬੂਲ ਕਰ ਲੈਣ ਲਈ ਦਬਾਓ ਪਾਉਣ ਲੱਗਾ। ਕਈ ਤਰ੍ਹਾਂ ਦੇ ਲਾਲਚ ਅਤੇ ਕਈ ਤਰ੍ਹਾਂ ਦੇ ਡਰਾਵੇ ਦੇਣ ਲੱਗਾ, ਪਰ ਭਾਈ ਸਾਹਿਬ ਉਤੇ ਨਾ ਕੋਈ ਲਾਲਚ ਅਤੇ ਨਾ ਹੀ ਕੋਈ ਡਰਾਵੇ ਦਾ ਅਸਰ ਹੋਇਆ ਤੇ ਉਸ ਨੇ ਭਾਈ ਸਾਹਿਬ ਨੂੰ ਚਰਖੜੀ 'ਤੇ ਚੜ੍ਹਾਉਣ ਦੀ ਸਜ਼ਾ ਸੁਣਾ ਦਿੱਤੀ। ਭਾਈ ਤਾਰੂ ਸਿੰਘ ਜੀ ਨਾਮ ਬਾਣੀ ਜਪਦੇ ਹੋਏ ਅਡੋਲ ਇਹ ਸਜ਼ਾ ਭੁਗਤ ਲਈ, ਪਰ ਉਨ੍ਹਾਂ ਦਾ ਸਟੈਂਡ ਉਹੀ ਸੀ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ। ਜ਼ਕਰੀਆ ਖ਼ਾਂ ਨੇ ਫਿਰ ਯਤਨ ਕੀਤਾ ਤੇ ਕਿਹਾ, ਐਵੇਂ ਚਰਖੜੀਆਂ 'ਤੇ ਚੜ੍ਹ ਕੇ ਤਸੀਹੇ ਝਲਦਾ ਫਿਰਦਾ ਹੈ ਹਾਲੇ ਵੀ ਮੇਰੀ ਗੱਲ ਮੰਨ, ਆਪਣੀ ਜਵਾਨੀ 'ਤੇ ਤਰਸ ਖਾ, ਇਸਲਾਮ ਕਬੂਲ ਕਰ ਲੈ, ਸਿੱਖੀ ਛੱਡ ਦੇ, ਪਰ ਭਾਈ ਸਾਹਿਬ 'ਤੇ ਉਸ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤੇ ਗੁੱਸੇ ਵਿਚ ਆ ਕੇ ਹੁਕਮ ਕਰ ਦਿੱਤਾ ਕਿ ਭਾਈ ਤਾਰੂ ਸਿੰਘ ਦੇ ਕੇਸ ਕਤਲ ਕਰ ਦਿੱਤੇ ਜਾਣ। ਸਾਰੇ ਸ਼ਹਿਰ ਦੇ ਨਾਈਆਂ ਨੂੰ ਵਾਰੀ-ਵਾਰੀ ਬੁਲਾਇਆ ਗਿਆ, ਪਰ ਜਦੋਂ ਨਾਈ ਭਾਈ ਤਾਰੂ ਸਿੰਘ ਦਾ ਨਾਮ ਸੁਨਣ ਤਾਂ ਕੋਈ ਵੀ ਭਾਈ ਸਾਹਿਬ ਦੇ ਕੇਸ ਕਤਲ ਕਰਨ ਲਈ ਤਿਆਰ ਨਾ ਹੋਵੇ।

ਅਗਲੇ ਦਿਨ ਜ਼ਕਰੀਆ ਖ਼ਾਂ ਫਿਰ ਜਦੋਂ ਕਚਹਿਰੀ ਆਇਆ ਤਾਂ ਪੁੱਛਿਆ ਹੁਕਮ ਦੀ ਤਾਮੀਲ ਕਿਉਂ ਨਹੀਂ ਹੋਈ ਤਾਂ ਅਹਿਲਕਾਰਾਂ ਨੇ ਜੁਆਬ ਦਿੱਤਾ ਕਿ ਭਾਈ ਤਾਰੂ ਸਿੰਘ ਦੇ ਕੇਸ ਕੱਟਣ ਨੂੰ ਕੋਈ ਵੀ ਨਾਈ ਤਿਆਰ ਨਹੀਂ ਹੋ ਰਿਹਾ ਤਾਂ ਇਹ ਸੁਣ ਕੇ ਜ਼ਕਰੀਆ ਖ਼ਾਂ ਸ਼ਰਮਸਾਰ ਹੋਣ ਲੱਗਾ ਤਾਂ ਭਾਈ ਤਾਰੂ ਸਿੰਘ ਜੀ ਮੁਸਕਰਾ ਪਏ ਜਿਸ ਤੇ ਲਖਪਤ ਰਾਏ ਅਤੇ ਜ਼ਕਰੀਆ ਖ਼ਾਂ ਨੇ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ। ਭਾਈ ਸਾਹਿਬ ਬੋਲੇ, ਜ਼ਕਰੀਆ ਖ਼ਾਂ ! ਵੇਖੀਂ ਮੇਰੇ ਗੁਰੂ ਦੀ ਰਹਿਮਤ। ਜ਼ਕਰੀਆ ਖ਼ਾਂ ਭੜਕਿਆ ਤੇ ਕਹਿਣ ਲੱਗਾ, ਤੇਰੇ ਸਿਰ 'ਤੇ ਜੁੱਤੀਆਂ ਮਾਰ ਮਾਰ ਕੇ ਤੇ ਵਾਲ (ਕੇਸ) ਉਡਾ ਦਿਊਂਗਾ। ਤਾਂ ਭਾਈ ਸਾਹਿਬ ਆਖਣ ਲੱਗੇ, ਜ਼ਕਰੀਆ ਖ਼ਾਂ ! ਜੁੱਤੀਆਂ ਤੇ ਮੈਂ ਮਾਰੂੰਗਾ, ਉਹ ਵੀ ਤੇਰੇ ਸਿਰ ਵਿਚ ਤੇ ਤੈਨੂੰ ਆਪਣੇ ਅੱਗੇ ਲਾ ਕੇ ਜਾਊਂਗਾ। ਜ਼ਕਰੀਆ ਖ਼ਾਂ ਗੁੱਸੇ ਵਿਚ ਕਲਪਦੇ ਹੋਇਆ ਹੁਕਮ ਕੀਤਾ ਜੱਲਾਦਾਂ ਨੂੰ, ਬੁਲਾਓ ਤੇ ਇਸ ਦਾ ਖੋਪਰ ਹੀ ਉਤਾਰ ਦਿਓ।

ਭਾਈ ਤਾਰੂ ਸਿੰਘ ਨੇ ਜੈਕਾਰਾ ਛੱਡਿਆ ਤੇ ਦਸਮੇਸ਼ ਪਿਤਾ ਦਾ ਸ਼ੁਕਰਾਨਾ ਕੀਤਾ, ਸੱਚੇ ਪਾਤਸ਼ਾਹ ਤੇਰਾ ਸ਼ੁਕਰ ਹੈ, ਮੇਰੀ ਸਿੱਖੀ ਪ੍ਰਵਾਨ ਚੜ੍ਹੀ, ਮੇਰੇ 'ਤੇ ਕਿਰਪਾ ਕਰਿਓ, ਅਗਲਾ ਇਮਤਿਹਾਨ ਆਪ ਹੀ ਪਾਸ ਕਰਵਾ ਦਿਓ।

ਜੱਲਾਦ ਨੇ ਆਪਣੇ ਹਥਿਆਰ ਤਿੱਖੇ ਕਰਕੇ ਭਾਈ ਸਾਹਿਬ ਵੱਲ ਤੱਕਿਆ। ਭਾਈ ਸਾਹਿਬ ਆਖਣ ਲੱਗੇ, ਤੁਸੀਂ ਆਪਣੇ ਮਾਲਕ ਦਾ ਹੁਕਮ ਮੰਨੋ ਤੇ ਮੈਂ ਆਪਣੇ ਮਾਲਕ ਨੂੰ ਯਾਦ ਕਰ ਲਵਾਂ। ਭਾਈ ਤਾਰੂ ਸਿੰਘ ਜੀ ਨੇ ਸਿਮਰਣ ਕਰਨ ਉਪਰੰਤ ਜਪੁਜੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਜੱਲਾਦ ਆਪਣੇ ਕੰਮ ਲੱਗ ਗਏ। ਭਾਈ ਸਾਹਿਬ ਦੀ ਖੋਪੜੀ ਸਿਰ ਨਾਲੋਂ

ਅਲੱਗ ਕਰ ਦਿੱਤੀ ਗਈ। ਜ਼ਕਰੀਆ ਖ਼ਾਂ ਅਤੇ ਅਹਿਲਕਾਰ ਚਲੇ ਗਏ ਤਾਂ ਭਾਈ ਸਾਹਿਬ ਨੂੰ ਕਿਲ੍ਹੇ ਤੋਂ ਬਾਹਰ ਸੁੱਟ ਦਿੱਤਾ ਗਿਆ, ਪਰ ਗੁਰੂ ਘਰ ਨਾਲ ਪਿਆਰ ਕਰਨ ਵਾਲੇ ਕੁਝ ਲੋਕਾਂ ਨੇ ਭਾਈ ਸਾਹਿਬ ਨੂੰ ਚੁੱਕ ਕੇ ਹਕੀਮ ਕੋਲ ਪਹੁੰਚਾਇਆ। ਉਹਨਾਂ ਦੇ ਸਿਰ 'ਤੇ ਮਰਮ ਪੱਟੀ ਕੀਤੀ ਗਈ।

ਦੂਜੇ ਪਾਸੇ ਜ਼ਕਰੀਆ ਖ਼ਾਂ ਦੇ ਬੰਨ ਪੈ ਗਿਆ (ਮਲ ਮੂਤਰ) ਬੰਦ ਹੋ ਗਿਆ। ਕਈ ਹਕੀਮ, ਵੈਦ ਬੁਲਾਏ ਗਏ। ਕੋਈ ਫਰਕ ਨਾ ਪਿਆ। ਦਰਦ ਨਾਲ ਤੜਫੀ ਜਾਵੇ। ਮਰਨ ਕਿਨਾਰੇ ਪਿਆ ਤੜਫੇ ਤਾਂ ਇਕ ਸਿਆਣਾ ਨਜ਼ੂਮੀ ਬੁਲਾਇਆ ਗਿਆ। ਜਿਸ ਨੇ ਜ਼ਕਰੀਏ ਨੂੰ ਕਿਹਾ, ਜ਼ਕਰੀਆ ਖ਼ਾਂ ਤੂੰ ਇਕ ਸੱਚੇ-ਸੁੱਚੇ ਸਿੱਖ 'ਤੇ ਜ਼ੁਲਮ ਢਾਹਿਆ ਹੈ ਇਹ ਉਸੇ ਦਾ ਨਤੀਜਾ ਹੈ। ਤੈਨੂੰ ਉਸ ਦਾ ਸਰਾਪ ਲੱਗਾ ਹੈ। ਜਾ ਤੇ ਉਸ ਕੋਲੋਂ ਮੁਆਫ਼ੀ ਮੰਗ।

ਜ਼ਕਰੀਆ ਖ਼ਾਂ ਨੇ ਭਾਈ ਸੁਬੇਗ ਸਿੰਘ ਨੂੰ ਵਿਚ ਪਾ ਕੇ ਮੁਆਫ਼ੀ ਮੰਗੀ, ਪਰ ਭਾਈ ਤਾਰੂ ਸਿੰਘ ਨੇ ਕਿਹਾ ਕਿ ਉਹ ਬਚਨ ਮੇਰੇ ਨਹੀਂ, ਗੁਰੂ ਨੇ ਮੇਰੇ ਮੂੰਹੋਂ ਕਢਵਾਏ ਸਨ। ਉਹ ਤਾਂ ਅਟੱਲ ਰਹਿਣਗੇ। ਫਿਰ ਕੀ ਸੀ। ਭਾਈ ਸੁਬੇਗ ਸਿੰਘ ਹੋਰੀ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਕੇ ਗਏ। ਜ਼ਕਰੀਆ ਖ਼ਾਂ ਦੇ ਸਿਰ ਵਿਚ ਜੁੱਤੀਆਂ ਮਾਰੀਆਂ ਗਈਆਂ ਤੇ ਉਸ ਦਾ ਬੰਨ ਖੁੱਲ੍ਹ ਗਿਆ। ਮਲ ਮੂਤਰ ਆ ਕੇ ਜਾਨ ਸੌਖੀ ਹੋ ਗਈ ਪਰ ਅਗਲੇ ਦਿਨ ਫਿਰ ਬੰਨ ਪੈ ਗਿਆ, ਫਿਰ ਸਿਰ ਵਿਚ ਜੁੱਤੀਆਂ ਮਾਰੀਆਂ, ਬੰਨ ਖੁੱਲ੍ਹ ਗਿਆ। ਇਸੇ ਤਰ੍ਹਾਂ ਕਰਦੇ-ਕਰਦੇ ਦਾ ਦਿਨ ਲੰਘ ਗਏ। 21 ਦਿਨਾਂ ਬਾਅਦ ਜ਼ਕਰੀਆ ਖ਼ਾਂ ਦੀ ਮੌਤ ਹੋ ਗਈ ਤੇ ਭਾਈ ਸਾਹਿਬ ਨੂੰ ਕਿਸੇ ਨੇ ਆ ਕੇ ਇਹ ਖ਼ਬਰ ਸੁਣਾਈ ਕਿ ਤੁਹਾਡੇ ਬੋਲ ਪੂਰੇ ਹੋਏ ਹਨ ਤਾਂ ਭਾਈ ਸਾਹਿਬ ਨੇ ਸਤਿਗੁਰੂ ਦੇ ਚਰਨਾਂ ਵਿਚ ਸੀਸ ਝੁਕਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। 22 ਦਿਨਾਂ ਬਾਅਦ ਭਾਈ ਤਾਰੂ ਸਿੰਘ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾ ਗਏ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਭਾਈ ਸਾਹਿਬ ਦੇ ਜੀਵਨ ਤੋਂ ਸੇਧ ਲੈਣ ਦੀ ਜ਼ਰੂਰਤ ਹੈ ਜੋ ਕੇਸਾਂ ਦੀ ਮਹਾਨਤਾ ਨਹੀਂ ਸਮਝ ਰਹੇ।


ਸਰਬਜੀਤ ਸਿੰਘ
ਗੁਮਟਾਲਾ
098888-07000


---

**ਕਵਿਤਾ**

## ਫਕੀਰ ਏ

**ਅਜੀਬੋ-ਗਰੀਬ ਆਫਤਾਂ ਨੇ,**
**ਵਿੰਨ੍ਹਿਆ ਸਰੀਰ ਏ,**
**ਬੜੀ ਡਰਾਉਣੀ ਹੋ ਗਈ,**
**ਧਰਤੀ ਦੀ ਤਸਵੀਰ ਏ।**
**ਅਸੀਂ ਇਕੱਠੇ ਰਹਿ ਕੇ ਵੀ,**
**ਹੋ ਗਏ ਦੂਰ ਹਾਂ,**
**ਸਾਡੇ ਵਿੱਚ ਕਿਸ ਜ਼ਾਲਿਮ ਨੇ,**
**ਖਿੱਚੀ ਲਕੀਰ ਏ।**
**ਪਰਿਵਾਰ ਵਿਚ ਬਹਿ ਕੇ ਜੋ,**
**ਦਾਲ ਫੁਲਕਾ ਛੱਕਦੈ,**
**ਉਹ ਬੰਦਾ ਇਸ ਦੁਨੀਆਂ 'ਚ,**
**ਸਭ ਤੋਂ ਵੱਧ ਅਮੀਰ ਏ।**
**ਸਾਰੀ ਉਮਰ ਤੂੰ,**
**ਰੰਗਰਲੀਆਂ ਹੀ ਮਾਣੀਆਂ ਨੇ,**
**ਹੁਣ ਅੰਤ ਸਮੇਂ ਕਿਉਂ ਅੱਖਾਂ ਦੇ ਵਿੱਚ,**
**ਭਰ ਲਿਆ ਨੀਰ ਏ।**
**ਜੇ ਤੂੰ ਸਾਨੂੰ ਅਜਮਾਉਣ ਤੋਂ,**
**ਹੱਟਣਾ ਨਹੀਂ ਵਾਇਰਸਾ,**
**ਤਾਂ ਅਸੀਂ ਵੀ ਤੈਥੋਂ ਡਰ ਕੇ,**
**ਨਹੀਓਂ ਮੰਨਣੀ ਅਖੀਰ ਏ।**
**ਕੱਲ੍ਹ ਦੀ ਚਿੰਤਾ ਕਰਕੇ,**
**ਅੱਧਾ ਹੋਈ ਬੈਠਾ ਏ,**
**ਉਤੋਂ ਆਖਦਾ ਹੈ 'ਤੇਜਿੰਦਰ',**
**ਕਿ ਉਹ ਹੋ ਗਿਆ ਫਕੀਰ ਏ।**


*ਡਾ. ਤੇਜਿੰਦਰ...*

ਬਾਬਾ ਬੰਦਾ ਸਿੰਘ ਬਹਾਦਰ ਦੇ ੩੫੦ਵੇਂ ਤੇ ਭਾਈ ਤਾਰੂ ਸਿੰਘ ਜੀ ਦੇ

੩੦੦ਵੇਂ ਜਨਮ ਦਿਹਾੜੇ ਨੂੰ ਸਮਰਪਿਤ

# ਇਹ ਕੌਮ ਸ਼ਹੀਦਾਂ ਦੀ

ਐਸ.ਜੇ.ਐਸ. ਪਾਲ

ਇਹ ਕੌਮ ਸ਼ਹੀਦਾਂ ਦੀ, ਇਸਦੀ ਵੱਖਰੀ ਕਹਾਣੀ ਹੈ।
ਇਸਦੇ ਹੱਥ ਵਿਚ ਸ਼ਸਤਰ ਹੈ, ਇਸਦੇ ਮੁਖ ਤੇ ਬਾਣੀ ਹੈ।

ਜਦ ਵੀ ਧਰਮ ਜਾਂ ਦੇਸ਼ ਤੇ, ਕੋਈ ਵੀ ਸੰਕਟ ਆਇਆ,
ਪੰਥ ਖਾਲਸੇ ਤੇਗ ਚਲਾ ਕੇ, ਜ਼ੁਲਮੀ ਨੂੰ ਮਾਰ ਭਜਾਇਆ,
ਖੂਨ ਬਹਾਇਆ ਇੰਝ ਉਸਨੇ, ਜਿਵੇਂ ਲਹੂ ਨਹੀਂ ਪਾਣੀ ਹੈ।
ਇਹ ਕੌਮ ਸ਼ਹੀਦਾਂ ਦੀ, ਇਸਦੀ ਵੱਖਰੀ ਕਹਾਣੀ ਹੈ।

ਪੰਜਵੇਂ ਤੇ ਨੌਵੇਂ ਗੁਰੂ ਨੇ ਸ਼ਹੀਦੀ ਦੀ ਪਿਰਤ ਸੀ ਪਾਈ,
ਦਸਮ ਪਿਤਾ ਦੇ ਚੰਨਾਂ ਨੇ ਦਾਦੇ ਦੀ ਰੀਤ ਨਿਭਾਈ,
ਬੰਦੇ ਤੇ ਉਸਦੇ ਸਾਥੀਆਂ ਦੀ, ਧੰਨ ਕੁਰਬਾਨੀ ਹੈ।
ਇਹ ਕੌਮ ਸ਼ਹੀਦਾਂ ਦੀ, ਇਸਦੀ ਵੱਖਰੀ ਕਹਾਣੀ ਹੈ।

ਹਰਿਮੰਦਰ ਦੀ ਦੇਖ ਦਸ਼ਾ, ਜਿਸਦਾ ਖੂਨ ਸੀ ਖੌਲਿਆ,
ਸੀਸ ਤਲੀ ਤੇ ਰੱਖ ਉਹ ਲੜਿਆ ਰਤੀ ਭਰ ਨਹੀਂ ਡੋਲਿਆ,
ਬਾਬਾ ਦੀਪ ਸਿੰਘ ਦੀ ਗੱਲ ਕੀ ਆਖਾਂ, ਸ਼ਹੀਦੀ ਲਾਸਾਨੀ ਹੈ।
ਇਹ ਕੌਮ ਸ਼ਹੀਦਾਂ ਦੀ, ਇਸਦੀ ਵੱਖਰੀ ਕਹਾਣੀ ਹੈ।

ਸੈਂਕੜੇ ਸਿੱਖਾਂ ਨੇ ਕੁਰਬਾਨੀਆਂ ਦੇ ਕੇ, ਆਪਣਾ ਧਰਮ ਨਿਭਾਇਆ ਸੀ,
ਕੇਸਾਂ ਦੀ ਸ਼ਾਨ ਲਈ ਭਾਈ ਤਾਰੂ ਸਿੰਘ ਨੇ ਖੋਪਰ ਲੁਹਾਇਆ ਸੀ,
ਸ਼ਹੀਦਾਂ ਨੂੰ ਮੌਤ ਦਾ ਡਰ ਕੈਸਾ, ਹਰ ਹਾਲ ਵਿਚ ਆਣੀ ਹੈ।
ਇਹ ਕੌਮ ਸ਼ਹੀਦਾਂ ਦੀ, ਇਸਦੀ ਵੱਖਰੀ ਕਹਾਣੀ ਹੈ।
ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਫੋਲ ਵੇਖੋ,
ਸਿੱਖਾਂ ਨੇ ਉਥੇ ਵੀ ਜਾਨਾਂ ਵਾਰੀਆਂ ਨੇ।
ਆਜ਼ਾਦੀ ਬਚਾਉਣ ਖਾਤਰ ਹੋਈਆਂ ਜੰਗਾਂ ਵਿਚ,
ਸ਼ਹੀਦ ਸਿੰਘਾਂ ਦੀਆਂ ਗਿਣਤੀਆਂ ਭਾਰੀਆਂ ਨੇ।
ਲੌਂਗੋਵਾਲ, ਢਾਕਾ ਜਾਂ ਹੋਵੇ ਕਾਰਗਿਲ ਦਾ ਮੈਦਾਨ,
ਸ਼ਹੀਦੀ ਪਾਣ ਵਿਚ ਕੌਣ ਸਿੰਘਾਂ ਦਾ ਸਾਨੀ ਹੈ।
ਇਹ ਕੌਮ ਸ਼ਹੀਦਾਂ ਦੀ ਇਸ ਦੀ ਵੱਖਰੀ ਕਹਾਣੀ ਹੈ।
ਇਸਦੇ ਹੱਥ ਵਿਚ ਸ਼ਸਤਰ ਹੈ, ਇਸਦੇ ਮੁਖ ਤੇ ਬਾਣੀ ਹੈ।

# ਕਵਿਤਾਵਾਂ

## ਲਾਕਡਾਊਨ

ਆਜ਼ਾਦ ਪੰਖੇਰੂ ਵਿੱਚ ਆਕਾਸ਼ ਦੇ ਉੱਡਣਹਾਰੇ,
ਵਿਚ ਪਿੰਜਰਿਆਂ ਬੰਦ ਕਰ ਦਿੱਤੇ ਤੂੰ ਸਰਕਾਰੇ !

ਮੈਂ ਸਰਕਾਰ ਹਾਂ, ਮੈਂ ਤੁਸਾਂ ਦੀ ਰਾਖੀ ਕਰਨੀ,
ਕਠਨ ਵਕਤ ਹੈ ਦੜ੍ਹ ਵੱਟ ਕੇ ਕਰ ਲਵੋ ਗੁਜ਼ਾਰੇ।

ਮੋਦੀ ਜੀ ਤੁਸੀਂ ਦੇਸ਼ ਸਾਰੇ ਨੂੰ ਕਿਉਂ ਅਟਕਾਇਆ,
ਵਿਕਾਸ ਪੁਲਾਂਘਾਂ ਰੋਕ ਪੈਰਾਂ ਵਿੱਚ ਸੰਗਲ ਪਾਇਆ ?

ਮੇਰੇ ਬੱਚਿਓ ਅਜੇ ਭਲਾ ਹੈ ਇਸ ਦੇ ਵਿੱਚ,
ਦੇਸ਼ ਬਚੇ ਇਹ ਕੌਮ ਬਚੇ ਮੈਂ ਇਹੀ ਚਾਹਿਆ।

ਸਾਰੀ ਦੁਨੀਆਂ ਮਹਾਂਮਾਰੀ ਦੇ ਮੂੰਹ ਵਿੱਚ ਆਈ,
ਲਾਕਡਾਊਨ ਮੈਂ ਦੇਸ਼ ਸਾਰੇ ਵਿੱਚ ਤਾਹੀਉਂ ਲਾਇਆ।

ਮੇਰੇ ਜੋਸ਼-ਖਰੋਸ਼ ਦੇ ਖੰਭ ਅਜੇ ਵੀ ਮਚਲਣ,
ਪਰ ਵਕਤ ਵੇਖ ਕੇ ਸਖਤ ਤੁਸਾਂ ਨੂੰ ਘਰੀਂ ਬਿਠਾਇਆ।

ਵੈਰੀ ਹੁੰਦਾ ਜੇ ਮੂਹਰੇ ਆਪਾਂ ਫੜ ਲੈਣਾ ਸੀ,
ਵਿੱਚ ਦੋਨਾਂ ਬਾਂਹਵਾਂ ਦੇ ਅਸੀਂ ਜਕੜ ਲੈਣਾ ਸੀ।

ਨਾਲ ਘਸੁੰਨਾਂ-ਮੁੱਕਿਆਂ ਉਹਦੀ ਹੋਸ਼ ਭੁਲਾਉਂਦੇ,
ਕਿਵੇਂ ਵੰਗਾਰੀਦੈ ਇਹ ਉਸ ਨੂੰ ਦੱਸ ਕੇ ਆਉਂਦੇ।

ਇਸ ਲੁਕਵੇਂ ਵੈਰੀ ਨਾਲ ਸਿਆਣਪ ਨਿਭਿਆ ਜਾਣਾ,
ਪੁਕਾਰ ਜੇ ਮੇਰੀ ਅਜੇ ਘਰਾਂ ਵਿੱਚ ਵੜ ਕੇ ਦੜ੍ਹ ਜੋ।

ਕੰਧ 'ਤੇ ਮੈਂ ਕੁਝ ਲਿਖ ਦਿੱਤਾ ਜੇ ਉਸ ਨੂੰ ਪੜ੍ਹ ਲਉ।

ਤੁੱਛ ਬੁੱਧੀ ਮੁਤਾਬਿਕ ਮੋਦੀ ਦੇ ਵਾਰ ਵਾਰ ਸੁਣੇ ਸੰਦੇਸ਼ਾਂ ਦੀ ਪ੍ਰੋੜਤਾ ਕਰ ਰਿਹਾ ਹਾਂ, ਜੋ ਸਾਡੇ ਸਾਰੇ ਭਾਰਤਵਾਸੀਆਂ ਦੇ ਆਪਣੇ ਹੀ ਹਿੱਤ ਵਿੱਚ ਹੈ।

(ਸੁਰਿੰਦਰ ਸਿੰਘ ਨਿਮਾਣਾ)

## कोरोना वायरस

सारी दुनिया में हो रही
आज यह हाहाकार
करोना वायरस कर रहा
सब पर अत्याचार।
खाँसी, ज़ुकाम के साथ
जब हो जाये बुखार,
साँस लेने की दिक्कत हो तो
है खतरे का आसार।

डर कोई इलाज नहीं है
बिल्कुल ना घबराना,
अगर लक्षण नज़र आयें तो
टैस्ट ज़रूर करवाना।
खाँसी, छींक जब आये
मुँह पर रुमाल लगाना,
बार-बार साबुन से जो हाथ
न धोये पड़ जाएगा पछताना।

घर से निकलना यारो
जब तक न हो मजबूरी,
विदेश से अगर कोई आ जाये
तो रखना उससे दूरी।
कर्फ्यू खुद लगाना
मार्च के चौथे रविवार,
सेवा करने वालों के लिये तालियाँ
बजाकर दिखलाना अपना प्यार।

भगवान को न भूल जाना यारो
जो लेते सब की सार,
सबके लिए करो विनती,
सुनेगा वो परवदगार।
'पाल' ने भी अरदास के लिये
जब ऊपर हाथ उठाये,
मेरे गुरु के रक्षा वाले
शब्द होठों पर आये।
'ताती वाउ न लगई पारब्रहम सरनाई॥
चउगिरद हमारे राम कार दुखु लगै न भाई॥'

सुरिन्द्रजीत सिंह पाल

# उम्र की ऐसी की तैसी

अटल बिहारी वाजपेई

घर चाहे कैसा भी हो..............
उसके एक कोने में ..............
खुलकर हँसने की जगह रखना..
सूरज कितना भी दूर हो..............
उसको घर आने का रास्ता देना..

कभी कभी छत पर चढ़कर..
तारे अवश्य गिनना.......
हो सकते हो हाथ बढ़ा कर.....
चाँद को छूने की कोशिश करना.....

अगर हो लोगों से मिलना-जुलना.....
तो घर के पास पड़ोस ज़रूर रखना..

भीगने देना बारिश में..............
उछल कूद भी करने देना......
हो सके तो बच्चों को......
एक कागज़ की किश्ती चलाने देना..

कभी हो फुरसत, आसमान भी साफ हो.....
तो एक पतंग आसमान में चढ़ाना..............
हो सके तो एक छोटा सा पेंच भी लड़ाना..

घर के सामने रखना एक पेड़...
उस पर बैठे पक्षियों की..............
बातें अवश्य सुनना..............

घर चाहे 'कैसा' भी हो...........
घर के एक कोने में .............
खुलकर हँसने की जगह रखना ...

चाहे जिधर से गुज़रिये.........
मीठी सी हलचल मचा दीजिये..

उम्र का 'हर एक दौर' मज़ेदार है
अपनी 'उम्र' का मज़ा लीजिये.........

ज़िंदादिल रहिए जनाब..........
ये चेहरे पे उदासी कैसी...........
वक्त तो बीत ही रहा है..........
'उम्र की ऐसी की तैसी..........

---

## शेअर

''बेवजह घर से निकलने की ज़रूरत क्या है''
मौत से आँखें मिलाने की ज़रूरत क्या है


सब को मालूम है बाहर की हवा है कातिल
यूँ ही कातिल से उलझने की ज़रूरत क्या है
ज़िन्दगी एक नेमत है उसे सम्भाल के रखो
कब्रगाहों को सजाने की ज़रूरत क्या है

दिल बहलाने के लिये घर में वजह है काफी
यूँ ही गलियों में भटकने की ज़रूरत क्या है

गुलज़ार

# रूहानी संगीतकार एस महेंद्र को याद करते हुए

जब से हमारी फिल्म इंडस्ट्री में फिल्में बननी शुरू हुई हैं। संगीत का इस में बहुत बड़ा महत्व रहा हालांकि बेशक पहले मूक फिल्में बना करती थीं लेकिन लाइव आर्केस्ट्रा फिल्म के सीन के मूड के हिसाब से संगीत का प्रभाव देता था। तकनीक बदली तरक्की हुई तो बोलती फिल्में बनने लगीं तो उस में गाने भी रखे जाने लगे तो गीतकारों की अहमियत बढ़ने लगी, संगीतकार तो पहले से ही होते थे पर उनकी अहमियत पहले से ज़्यादा बढ़ने लगी अब संगीतकार दृश्य प्रभाव के साथ-साथ गीत को प्रभावशाली बनाने के लिए संगीत से सजाने लगे। बस फिर धीरे-धीरे संगीत फिल्मों पर अपना पूरा असर दिखने लगा और प्रभावशाली हो गया।



**संगीतकार एस महेंद्र और उनकी पतनी**

इसी गीत संगीत के दम पर कई फिल्में सुपर हिट हुईं और इंडस्ट्री में संगीतकारों की अहमियत और सम्मान बढ़ने लगा और आज भी वो अहमियत और सम्मान बरकरार है।

याद कीजिये सन् 1950 से 1980 तक का संगीत का सुनहरी दौर और याद कीजिये ये नग्में: फिल्म ''शीरीं फरहाद'', मोहम्मद रफी साहिब की आवाज़ और गाना ''हज़ारों रंग बदलेगा ज़माना, न बदलेगा मोहब्बत का फसाना''

आवाज़ें लता मंगेशकर और हेमंत दा की और गाना ''आााााआाााााआजा आजा ओ जाने जहाँ''

आवाज़ लता मंगेशकर की और गाना ''गुज़रा हुआ ज़माना आता नहीं दुबारा हाफिज़ खुदा तुम्हारा''

फिल्म ''नानक नाम जहाज़ है'' आवाज़ मोहम्मद रफी साहिब की और शब्द ''मितर प्यारे नूं हाल मुरीदां दा कहणा'' इन महान गीतों में संगीत का जादू भरने वाले संगीतकार एस महेंद्र यानि बख्शी सरदार महेंद्र सिंघ सरना थे।

संगीत की सुरीली दुनिया का वो सितारा डूब गया... 95 वर्ष की आयु में 6 सितम्बर 2020 को तड़के 4:45 पर इस संसार को अलविदा कह गया लेकिन उसकी रौशनी बरकरार है और सदियों रहेगी। सपनों की दुनिया कहे जाने वाली फिल्म इंडस्ट्री में संगीत का सुनहरी दौर रचने वालो में से एक एस महेंद्र की जीवन यात्रा इतनी आसान नहीं थी हालांकि वो एक पुलिस अफसर की संतान थे आसान हो सकती थी ज़िंदगी। 8 जुलाई 1925 को इनका जन्म अविभाजित पंजाब के सिलियांवाली गाँव ज़िला मिंटगुमरी में हुआ जो अब पाकिस्तान में है। आप को बचपन से ही गाने का बहुत शौक था। पिता की नौकरी ही ऐसी थी कि जगह-जगह बदली होती रहती थी, पूरे परिवार को भी शहर-शहर दरबदर होना पड़ता था। एक बार जब ये लाहौर में रहने लगे तो वहां गुरद्वारा ननकाना साहिब में रोज़ सुबह शाम मत्था टेकने जाने लगे और बड़े चाव से गुरबाणी कीर्तन सुनते और फिर बाहर आकर यह राह

चलते खुद गाते भी रहते। उन दिनों गुरद्वारा ननकाना साहिब में सिख पंथ के महान रागी भाई समुंद सिंह जी सेवा निभा रहे थे। भाई साहिब ने एक बार इन को गाते हुए सुना तो इन्हें संगीत सीखने की प्रेरणा दी और अपना शागिर्द बना लिया। घर में कोई संगीत का माहौल तो नहीं था लेकिन माँ कभी कभी हारमोनियम पर शब्द गुरबाणी गाती थीं और पिता को बांसुरी बजाने का शौक ज़रूर था... इसलिए बेटे ने संगीत के प्रति लगाव को महसूस करते हुए उसे कभी रोका-टोका नहीं बल्कि बढ़ावा ही दिया।... फिर महेंद्र जी जब लायलपुर रहने लगे तो वहाँ उन्होंने पंडित श्रुति शर्मा जी से संगीत की शिक्षा ली। अत: बाद में बनारस जा कर पंडित बड़े रामदास मिश्र जी और पटियाला घराना से बड़े गुलाम अली खान साहिब से भी संगीत की विधिवत् शिक्षा ली।

फिर लाहौर रेडियो पर भी गाने के मौके मिलने लगे। आप वहां गज़लें या शास्त्रीय गायन के लिए जाने जाते थे। एक बार अपनी किसी फिल्म के सिलसिले में अभिनेत्री सुरैया का लाहौर में आना हुआ। वह लाहौर रेडियो स्टेशन भी आयी। वहां उन्होंने एस महेंद्र को गाते हुए सुना और वो प्रभावित हुए बिना न रह सकीं। उन्होंने अपना विज़िटिंग कार्ड महेंद्र जी को दिया और बम्बई आने का न्योता भी दिया।

सन् 1947 मई महीने की बात है जब एस. महेंद्र लाहौर रेडियो पर प्रोग्राम करने के बाद लायलपुर घर वापिस जाने के लिए रेलवे स्टेशन पहुंचे तो पता चला कि लायलपुर से आने वाली ट्रेन नहीं आई... कारण कि उस से पहले वाली ट्रेन में मारकाट हुई थी... वहाँ किसी शख्स के कहने पर कि दंगे फैल रहे हैं अपनी जान बचानी है तो सामने फ्रंटियर मेल खड़ी है जो बम्बई तक जाती है चला जा... तो वही 4 रूपये 10 पैसे का टिकट जो लायलपुर जाने का लिया था जल्दी से उसी टिकट से ही फ्रंटियर मेल पर चढ़कर सीधे बम्बई आ गये। हालांकि महेंद्र जी दंगों की वजह से मई महीने के बाद लाहौर स्टेशन से बम्बई की तरफ निकले थे जब कि उनका बाकी सारा परिवार अप्रैल महीने में ही छुट्टियां मनाने जा चुका था।

10 मई 1947 का वो दिन था जब एस महेंद्र बम्बई सैंट्रल के स्टेशन पर उतरे तो गेट से बाहर निकलते हुए डर रहे थे कि कहीं टीटी उन्हें रोक ना ले क्योंकि उन्होंने ट्रेन में सैंकड़ों मील का सफर किया था जबकि टिकट उनके पास सिर्फ 4 रुपये 10 पैसे का था और वो भी अमान्य। उनके हाथ में बस एक झोला था जिसमें एक-आध जोड़ी कपड़े और जेब में चंद सिक्के थे।

स्टेशन से बाहर निकल कर नौजवान एस महेंद्र माया नगरी कहलाने वाली बम्बई (मुम्बई) को देखकर अचंभित भी था और भविष्य को लेकर थोड़ा डरा हुआ भी पर मायूस नहीं था... कहाँ जाना है किधर जाना है कुछ भी समझ नहीं आ रहा था... डूबते को तिनके का सहारा... उन्हें याद आया कि उनके पास तो बहुत बड़ा सहारा है जो उनका ही नहीं सबका सहारा है, उन्होंने झट किसी से पूछा यहाँ गुरुद्वारा कहाँ है? उस आदमी ने बताया कि सामने से उस तरफ को जाने वाली ट्राम पकड़ लो (उस वक्त वहाँ ट्राम भी आवाजाही का बड़ा साधन था) तो तुम्हें दादर के गुरुद्वारे तक पहुँचा देगी। जेब में कुछ पैसे थे ही सो एक आना की टिकट लेकर पहुँच गये गुरु के द्वार यानि गुरुद्वारे। ज्ञानी जी को अपनी व्यथा सुनाकर एक हफ्ते तक वहाँ रहने की अनुमति ले ली। खाने के लिए लंगर तो सुबह शाम होता ही था... लेकिन मसला था कि काम कैसे मिले या काम ढूँढने कैसे जाया जाये क्योंकि कहीं भी आने जाने के लिए पैसे तो चाहिए ही होते हैं। इधर गुरुद्वारे में रुकने की 7 दिन की मिआद भी पूरी हो रही थी फिक्र सता रहा था। इतवार का दिन था छुट्टी का दिन होने के कारण गुरुद्वारे में बहु संख्या में संगत दर्शन करने आती है। गुरुद्वारे के प्रबंधक भी वहाँ मौजूद थे। महेंद्र जी ने उनसे दरखास्त की कि मैं यहाँ शब्द गायन कर सकता हूँ तो उन्होंने कहा कि अगर तुमने अपने कीर्तन से संगत का मन मोह लिया तो यहाँ पर अनिश्चित काल के लिए रह सकते हो।

महेंद्र जी अब वहाँ बड़े चाव से शब्द गुरबाणी का गायन करते और संगत की तरफ से उन्हें ढेर सारे रुपये भी आशीष के तौर पर मिल जाते। पास में पैसे होने के कारण लोगों से मिलने जगह-जगह जाना अब आसान हो गया था।

हालांकि वो यहाँ एक गायक की हैसियत से

अपने आप को स्थापित करना चाहते थे लेकिन उन्हें लगा कि एक गायक से अधिक संगीतकार का सम्मान होता है तो उन्होंने ठान लिया कि वो एक संगीतकार के तौर पर ही अपने आप को स्थापित करेंगे।

ज़िन्दगी की दौड़-धूप अब शुरू हो चुकी थी। काम करने का, कुछ बनने का सपना पूरा करना था। गुणीजनों से सीखा हुआ शास्त्रीय संगीत का खज़ाना और तरह-तरह की कम्पोज़ीशन्स बनाने का गुण पास था विश्वास था।

एक दिन याद आया कि गायिका-अभिनेत्री सुरैया ने उन्हें अपना विज़िटिंग कार्ड देते हुए बम्बई आने का निमंत्रण दिया था। जेब से कार्ड निकाला और पहुँच गए सुरैया के बंगले पर। उम्मीद के मुताबिक खातिर तवज्जो भी हुई और किसी की ज़रूरत पर सहारे का ढांढस भी मिला।

सन् 47 का ही एक खुशगवार दिन था जब महेंद्र की मुलाकात उस ज़माने के मशहूर सितारे अरूण-निर्मला (मशहूर अभिनेता गोविन्दा के माता-पिता) की जोड़ी से हुई तो निर्मला जी कहने लगीं कि मैंने तुम्हें कहीं पहले भी देखा है तो महेंद्र जी ने अपने बनारस वाले गुरु पंडित श्री बड़े रामदास जी का ज़िक्र किया तो निर्मला जी ने भी उन्हें पहचान लिया (निर्मला देवी बनारस की ही रहने वाली थीं। पटियाला घराना की ठुमरी और गज़ल गाने वाली शास्त्रिय गायिका थीं और हिन्दी फिल्मों के स्टार गोविन्दा की माता जी थीं और बनारस में रहने के कारण बड़े रामदास जी के यहां अक्सर आया करती थीं)... पूछने पर महेंद्र जी ने बताया कि मैं संगीतकार हूँ और काम की तलाश में हूँ.. उन दिनों अरूण-निर्मला फिल्म ''सेहरा'' पर काम कर रहे थे उन्होंने उनसे कुछ धुनें सुनीं जो उन्हें बेहद पसंद आईं... इस तरह संगीतकार महेंद्र सिंघ का फिल्मी सफर फिल्म ''सेहरा'' से 2000 रुपये के एग्रीमेंट से शुरू हो गया। इस फिल्म के लिए उन्होंने 10 गाने बनाये सभी गाने बहुत पापुलर हुए। जब फिल्म ''सेहरा'' का काम चल रहा था, एक दिन महेंद्र जी पहुँच गए बम्बई की मशहूर फिल्म कम्पनी रंजीत स्टूडियो के मालिक सेठ चंदूलाल शाह के पास। सेठ ने इनकी कद काठी देखते हुए कहा कि तुम तो फौज में भरती होवो तुम तो संगीतकार के आस-पास भी नहीं लगते। बात थोड़ी रूखी लगी पर दिल पर नहीं लिया न हिम्मत हारी।

सन् 1948 में एस महेंद्र जी के संगीत से सजी पहली फिल्म ''सेहरा'' रिलीज़ हुई जिसके गाने बहुत पसंद किये गए... इसमें एक गाना ''ऐ दिल उड़ा के चल मखमूर में.. . परवाज़ करके देख ले इन काली घटाओं में ''खुद महेंद्र जी ने गाया था और ये गाना बहुत पापुलर हुआ। फिर फिल्म आई ''शादी की रात'' और ''जीवन साथी''।

इनके बनाए गानों से प्रभावित होकर ''रंजीत मूवीटोन'' के मालिक सेठ चंदूलाल शाह ने इन्हें अपने यहाँ बुलावा भेजा और फिल्म ''नीली'' के लिए संगीत देने की बात की जिसमें देवानंद और सुरैया मुख्य भूमिकाओं में थे लेकिन सेठ ने शर्त रखी कि अगर सुरैया को तुम्हारी धुनें पसंद आईं तो ही तुम इस फिल्म में म्यूज़िक दे सकोगे। फिल्म में बड़े कलाकार और बहुत बड़ा बैनर इस फिल्म को छोड़ा नहीं जा सकता. .. ये सोचकर महेंद्र जी सीधे सुरैया के यहाँ पहुँच गए उनसे संबंध तो पहले से मधुर थे बेहिचक सारी बात कह डाली... सुरैया ने आप से वहीं पर ही धुने सुनीं तो उन्हें बहुत पसंद आईं।

अगले दिन सेठ के सामने महेंद्र जी ने सुरैया को धुनें सुनाईं औन उनकी धुनें सबको बहुत पसंद आईं। इस तरह सुरैया की बदौलत पहली बड़ी फिल्म में महेंद्र जी को संगीत बनाने का मौका मिला।

''नीली'' के गीत भी खूब पसंद किये गए। फिर राजकपूर व नर्गिस की फिल्म ''पापी'' में संगीत दिया हालांकि फिल्म ठीक-ठीक ही चली पर फिल्म के गाने मशहूर हुए। इसके बाद अभिनेत्री मधुबाला ने जब खुद फिल्म ''नाता'' प्रोड्यूस की तो महेंद्र जी को ही फिल्म में संगीत की ज़िम्मेदारी दी... मधुबाला व प्रदीप कुमार की फिल्म ''शीरीं फरहाद'' के गाने ''हज़ारों रंग बदलेगा ज़माना'', ''गुज़रा हुआ ज़माना आता नहीं दोबारा'' बच्चे-बच्चे की ज़ुबान पर आ गए और एस. महेंद्र की गिनती बड़े-बड़े संगीतकारों में होने लगीं।

ज़िन्दगी अब आसान होने लगी थी। पैसा, इज़्जत, शौहरत सब मिल रहा था... मधुबाला, सुरैया, मोहम्मद रफी साहिब, आशा भोंसले, नौशाद साहिब, खय्याम साहिब, सी रामचंद्र, देवानंद, सज्जाद हुसैन, आनंद बख्शी

और मदन मोहन जैसे दोस्त थे। फिल्मों में संगीत देने का सफर तेज़ी से चल रहा था और लोग इन्हें चाहने लगे थे जैसे मधुबाला ने अपनी प्रोडक्शन की सभी फिल्मों में, रंजीत मूवीटोन, प्रकाश पिक्चर्स और फिल्मिस्तान की लगातार कई फिल्मों में एस. महेंद्र जी ने संगीत दिया।

एक पंजाबी होने के नाते वे अपनी मातृभाषा के लिए कुछ करना चाहते थे। सन् 1961 की बात है जब महेंद्र जी ने अपने डायरेक्टर दोस्त एस. पी. बख्शी के साथ मिलकर पंजाबी फिल्म ''ढोला परदेसी'' बनाई... फिल्म भी हिट हुई और गाने भी। इस फिल्म की कामयाबी के साथ-साथ पंजाबी की कामयाब फिल्में बनाने का दौर शुरू हो गया।

एक बार की बात है जब काजल, नीलकमल और कर्मयोगी जैसी म्यूज़िकल हिट फिल्में बनाने वाले महेश्वरी ब्रदर्स चूंकि अमृतसर की पवित्र भूमि पर जन्में थे और ''गुरु नानक जी के 500वें जन्मदिवस के खास अवसर के लिए'' एक पंजाबी फिल्म बनाना चाहते थे जिसका टाईटल रखा गया ''नानक नाम जहाज़ है'' इस को निर्देशित भी खुद राम महेश्वरी ही कर रहे थे... फिल्म में काम करने वाले कलाकार पृथ्वी राज कपूर, वीना, सुरेश, सोम दत्त, विम्मी और आई एस. जौहर जैसे बड़े नाम थे... और महेश्वरी ब्रदर्स के चहेते संगीतकार रवि को संगीत देने का ज़िम्मा सौंपा गया। एक दो गाने रिकार्ड भी हो चुके थे, तब फिल्म में दो गुरबाणी के शब्द और 6 गाने रखे जाने थे।

हालांकि इस फिल्म की बनने और बनने के बाद की घटनाएं इतनी दिलचस्प हैं कि जिनको लिखने के लिए अलग लेख चाहिए। फिलहाल एक महेंद्र जी से जुड़ी बात बताता हूँ। हुआ यूँ कि महेश्वरी जी ने आशा भोंसले जी को रिकार्डिंग के सिलसिले में बुलाया तो आशा जी ने पूछा कि फिल्म का म्यूज़िक कौन कर रहा है तो जवाब मिला कि रवि... तो आशा जी ने उन्हें सलाह दी कि फिल्म ''गुरु नानक जी'' को डेडीकेट कर रहे हो शब्द गुरबाणी भी गंवा रहे हो तो जब धार्मिक भावनाओं को समर्पित संगीतकार ही इसमें नहीं होगा तो फिल्म में आत्मा कहाँ से आयेगी? बस फिर क्या था एस. महेंद्र जी को कल्पना लोक (महेश्वरी ब्रदर्स का आफिस) बुलाया गया और संगीत की ज़िम्मेदारी उन्हें सौंप दी गई (अब इस फिल्म में गाना सिर्फ एक ही था बाकी सब शब्द थे) 15 अप्रैल 1969 के दिन फिल्म रिलीज़ हुई ''नानक नाम जहाज़ है'' फिल्म और फिल्म का संगीत ऐसा इतिहास बना गए कि जो रहती दुनिया तक रहेगा।

''नानक नाम जहाज़ है'' पंजाबी भाषा की पहली फिल्म बनी जिसे उत्कृष्ट फिल्म और उत्कृष्ट संगीत के लिए ''राष्ट्रीय पुरस्कार'' से सम्मानित किया गया। इतिहास में पहली बार किसी पंजाबी फिल्मी संगीतकार को राष्ट्रीय पुरस्कार से सम्मानित किया गया। इस बात का एस महेंद्र जी को ज़रा भी अभिमान न हुआ... अपने दोस्तों से मिलने जुलने वालों से बिल्कुल वैसे ही पेश आते रहे जैसा कि वो पहले थे। दरअसल रिश्तों को निभाने में उनका कोई जवाब न था। आपसी रिश्तों को वो बड़ी अहमियत देते थे, उसके लिए झुकना भी पड़े तो गुरेज़ नहीं करते थे। शुरूआती दौर में जब उन्हें प्रकाश पिक्चर्स की फिल्म ''शादी की रात'' ऑफर हुई तो उन्हें पता चला कि ये फिल्म तो पहले से ही संगीतकार गोविन्द राम जी को आफर हो चुकी थी, महेन्द्र जी बड़ी दुविधा में थे कि फिल्म करूँ या न करूँ... मन नहीं माना तो आप पहुँच गए गोविन्द राम जी के पास... गोविन्द राम जी ने बताया कि किसी अनबन के कारण मैंने फिल्म छोड़ दी है तुम कर सकते हो मुझे कोई एतराज़ नहीं... इसके बाद ही महेंद्र जी ने फिल्म स्वीकार की जिसमें 3-4 गाने गोविन्द राम जी के थे और 3 गाने महेंद्र जी के थे जिसमें एक गाना लता जी की आवाज़ में बहुत पापुलर हुआ।

जब फिल्म रंजीत मूवीटोन की फिल्म ''पापी'' बन रही थी तो राज कपूर ने महेंद्र जी से कहा कि फिल्म में मेरे लिए आवाज़ मुकेश की और नरगिस के लिए लता मंगेशकर की होनी चाहिए। लेकिन गानों की रिकॉर्डिंग जल्दी करनी थी, लता जी के पास समय नहीं था तो आशा जी को बुला कर रिकार्डिंग कर ली गई.. राज कपूर साहिब ने जब गाना सुना तो वो बहुत खुश हुए उनका कहना था कि बेशक ये आवाज़ लता की नहीं पर है लता जैसी ही तब ''पापी'' में फीमेल वाईस आशा जी की और मेल वाईस रफी साहब की इस्तेमाल की गई और राज साहब आशा जी की आवाज़ से इतने प्रभावित हुए कि ''आर के'' की अगली फिल्म 'बूट

पालिश' के सारे गाने उनसे गंवाये।

लेकिन इसी बीच लता जी किसी बात से महेंद्र जी से नाराज़ हो गईं और उन्होंने उनके साथ काम करने से मना कर दिया लेकिन ज़रा सा मौका मिलने पर महेंद्र जी ने लता मंगेशकर से अपनी गलती की माफी मांगी और रिश्तों को पहले से ज़्यादा मज़बूत किया। आशा जी तो उन्हें राखी बांधती थीं... गीतकार आनंद बक्षी उन्हें अपना बड़ा भाई मानते थे... संगीतकार मदनमोहन भी उनके जिगरी यारों में से एक थे। मोहम्मद रफी साहब से तो इतना दोस्ताना था कि आपस मैं तूं तड़ाक से ही बात होती थीं... एक बार रफी साहब की किसी रिकॉडिंग के वक्त महेंद्र जी ने दूसरे कमरे से ऊँची आवाज़ में उन्हें टोक दिया कि, ''रफी साहब कुछ गड़बड़ है, आवाज़ थोड़ी कनसुरी हो रही है'' जब उधर से कोई जवाब नहीं आया तो महेंद्र जी ने दोहराया फिर पूछा तो पता चला कि रफी साहब तो नाराज़ हो कर सीढ़ियां उतर चुके हैं... महेंद्र जी ने उन्हें वापिस ऊपर बुलवाया और पूछा कि दो बार मेरे कहने पर भी आपने जवाब नहीं दिया तो रफी साहब ने नाराज़ होते हुए कहा कि, ''आपने रफी साहब को टोका था ''रफी'' को नहीं... ''साहब'' को तो नाराज़ होना ही था''

एस. महेंद्र जी ने कई राह चलते भीख मांगने वालों में संगीत के विशेष गुण देख कर उन्हें साजिंदे और कोरस गायक बनाया जिनमें बहुत लोग इस मायानगरी में अच्छे से सैटल हो गए।

संगीतकार नौशाद साहब और सज्जाद हुसैन साहब भी उनके नज़दीकी दोस्तों में से थे। महेंद्र जी बताते हैं कि जब काफी अरसे बाद वो अमरीका से भारत आये थे तो नौशाद साहब के यहाँ लंच पर गये... वहाँ से निकलते वक्त नौशाद साहब ने इल्तिजा की कि, ''जोर से गले मिल लो क्या पता कल को हम मिलें न मिलें'' और फिर कुछ अरसे बाद नौशाद साहब इस दुनिया को छोड़ गए। बड़े भारी मन से वो इन बातों को याद करते हैं।

यूँ तो महेंद्र जी काफी उम्र होने के कारण आराम की ज़िन्दगी बिता रहे थे। काम करना उन्होंने छोड़ ही दिया था लेकिन उनके मुम्बई के पारिवारिक मित्र के. एस. मल्होत्रा जो फिल्म निर्माता निर्देशक हैं और अविनाश वधावन और आयशा जुल्का के साथ ''खालसा तेरो रूप है खास'' जैसी हिट पंजाबी फिल्म बना चुके हैं, उन्होंने महेंद्र जी से अपनी अगली प्रोडक्शन ''नानक नाम जहाज़ है-2'' में संगीत देने की इल्तिजा की... महेंद्र जी संगीत देने के लिए तो राज़ी हो गये पर उन्होंने मना किया कि फिल्म का टाईटल ये मत रखो क्योंकि जो शाहकार एक बार बन गया वो दोबारा नहीं बन सकता. .. ''मैं भी शायद वैसा न कर पाऊँ... कहाँ से लाऊँगा मोहम्मद रफी, कहाँ हैं पृथ्वी राज कपूर जैसे अदाकार।''. . के.एस. मल्होत्रा ने उनके दिये हुए नाम ''नानक नाम चढ़दी कला'' पर अपनी अगली फिल्म का नाम रखा और एस. महेंद्र जी द्वारा संगीतबद्ध किये दो शब्द रिकॉर्ड कर लिए जो एक तरह से एस. महेंद्र जी का संगीत प्रेमियों के लिए आखिरी सरमाया है।

महेंद्र जी बड़े दावे नहीं करते थे पर अपने किये काम से वो पूर्णयता संतुष्ट थे इस जीवन से उन्हें कोई मलाल या कोई रंज नहीं था... बकौल नौशाद साहब ''कोई भी पल आखिरी हो सकता है जी भर के जी लो'' ...और उन्होंने हर पल को शांतमयी लेकिन उत्साहपूर्वक जीया और इस फानी संसार को अलविदा कह दिया।

उनकी इस रुखस्ती पर बेसाख़्ता दिल से कहीं निकलता है:

''गुज़रा हुआ ज़माना आता नहीं दोबारा
हाफिज़ खुदा तुम्हारा''



-लेखक सेहरा गुरदीप सिंह

# सिक्खी सिदक की चरम सीमा को छूने वाले भाई तारू सिंघ जी शहीद

स. सुरिंदर सिंघ निमाणा

सिक्ख समुदाय को अपने शहीदों की व्यापक परंपरा पर गर्व है। विदेशी मूल वाले अत्यंत अत्याचारी मुगल शासकों के जुल्म, अत्याचार के विरुद्ध आवाज़ उठाने का साहस रखने के कारण सिक्ख पंथ के संस्थापक एवं संचालक गुरु साहिबान द्वारा शुरू की गई शहीदी परंपरा को, उनके उपदेश को अपनाने वाले गुरु के सिदकी सिक्खों ने आगे बढ़ाया। सिक्ख समुदाय में हक, सच की खातिर तत्कालीन शासकों के खिलाफ लड़ी जाने वाली लड़ाइयों में अनगिनत सिक्ख शूरवीरों ने जुल्मी दुश्मन सेनाओं के विरुद्ध लड़ते हुए शहादत के जाम पीये। मुगल हुकूमत उनको शारीरिक रूप से खत्म कर हक सच की आवाज़ उठाने वाली सिक्ख लहर को मिटाने की झूठी आशा पाले बैठी थी। अनेक सिक्ख शहीदों की लंबी विरासत में भाई तारू सिंघ जी का नाम बहुत श्रद्धा व सत्कार के साथ लिया जाता है।

भाई तारू सिंघ जी ज़िला तरनतारन के गांव पूला के रहने वाले थे। आप अल्प आयु के थे जब आपके सिर से पिता का साया उठ गया। आपकी एक बहन थी। आपकी माता धर्मपरायण गुरसिक्ख महिला थी। माता ने अपने सुपुत्र के हृदय में सिक्ख धर्म के उसूल पूर्णत: भर दिये। सुपुत्र का जीवन माता द्वारा दृढ़ कराए गुरसिक्खी सांचे में ढल गया। आप सच्ची किरत द्वारा अपने परिवार की मूल आवश्यकताओं की पूर्ति करने लग गए। माता व बहन के परस्पर सहयोग से भाई तारू सिंघ जी उन सिंघों को भोजन पहुंचाकर आते जो समय की हुकूमत द्वारा फैलाई दहशत के कारण घर से बेघर हो चुके थे।

अठारहवीं सदी में सिक्खों पर दमन-चक्र बाबा बंदा सिंघ बहादुर की शहीदी के बाद बहुत बढ़ चुका था। अपने घर आने वाले सिंघों को भोजन छकाकर भाई तारू सिंघ जी का परिवार संतुष्टि प्राप्त करता। भाई साहिब की गुरसिक्ख माँ और बहन अनाज पीस कर आटा तैयार करतीं। यह बात वर्णनयोग्य है कि उस समय आछा अधिकतर हाथ द्वारा चक्की चलाकर बनाया जाता था जो कि कड़ी मेहनत का काम था। धन्य थी उस युग की माताएं-बहनें, जो हाथ से चक्की चलाकर, आटा पीसकर अपने परिवार के सदस्यों को ही नहीं बल्कि मेहमानों को भी रोटी तैयार करके सहर्ष छकाकर संतुष्टि महसूस करती थीं। समय के चक्र में पड़कर हमारे सभ्याचार व जनजीवन की आदर्श मेहमाननिवाज़ी आज दुर्लभ हो चुकी है। ऐसी स्थिति देखकर उस युग की माताओं-बहनों के सिदक की दाद देनी बनती है।

इस परिवार की मेहमाननिवाज़ी व सेवा की इलाके में चर्चा थी। भाई जी की सेवा-भावना का यश दूर-दूर तक फैल चुका था। दुनिया में कुछ लोग ऐसे ही होते हैं जिनका स्वभाव बुरे कर्म करना होता है। वे भले पुरुषों की शोभा सुन कर सहन नहीं कर पाते। उनसे ईर्ष्या तथा वैर कमाते हैं। ऐसे लोगों की शृंखला में जंडियाला गुरु का हरिभगत निरंजनिया सरकारी मुखबरी करता हुआ अपने नीच स्वार्थों की पूर्ति कर रहा था। उसने लाहौर दरबार में जाकर सूबेदार जकरिया खान के समक्ष भाई

साहिब के खिलाफ उकसाने वाले मनोभाव से कई बातें अपने पास से ही जोड़ कर कह दीं। उदाहरणस्वरूप तारू सिंघ बागियों को पनाह देता है, चोरियां करवाता है। ये दोष चंद्रमा पर थूकने जैसी बात है। सरासर मनघड़ंत दोष। वह दौर ही ऐसी अराजकता व अफरातफरी का था जिसमें हाकिम दोषों की तह तक जांच हेतु जाना ही नहीं चाहते थे। वैसे भी सूबेदार जकरिया खान ने तो सिक्खों का सर्वनाश करने के बुरे इरादे पाल रखे थे।

सूचना पाना ही काफी था राजकीय कार्यवाही के लिए। जकरिया खान ने बीस-पच्चीस सिपाही मोमन खान के नेतृत्व में भाई जी की गिरफ्तारी के लिए तत्काल ही हरिभगत निरंजनिये के साथ रवाना कर दिए। 'प्राचीन पंथ प्रकाश' में लिखे अनुसार, भड़ाना नामक गांव के सिक्खों ने सिपाहियों पर सामूहिक आक्रमण कर उनसे भाई जी को छुड़ाने की भी योजना बनाई। इस खबर का भाई तारू सिंघ जी को पता चल जाने पर उन्होंने ऐसा करने से मना कर दिया, क्योंकि ऐसा करने की स्थिति में गांव पर दमन-चक्र चलना तय था। उस समय भाई जी ने कहा कि गुरु जी ने तो हमारे लिए सरवंश कुर्बान कर दिया था और मैं उनका सिक्ख होकर मरने से डरूं! मैं मर जाऊं तो क्या हुआ, शेष लोग सलामत रहें।

भाई जी को लाहौर लाया गया। उनको कई दिन लाहौर के कारावास में रखा गया। इसी समय दौरान भाई महिता सिंघ मीरांकोटिया अपने गांव आए तथा इसकी मुखबरी मिल जाने के कारण हुकूमत के हाथ लग गए। भाई महिताब सिंघ को भाई तारू सिंघ जी की आंखों के सामने चरखड़ी पर चढ़ाकर शहीद किया गया कि शायद भाई जी इस मृत्यु-दंड से खौफ खाकर हार मन लें, परंतु भाई जी अडिग रहे। यह भी लिखा मिलता है कि भाई जी को चरखड़ी पर चढ़ा कर घुमाया गया। आपकी हड्डियां-पसलियां टूट गईं, परंतु आप गुरु-कृपा से चढ़दी कला में रहे। नवाब जकरिया खान ने आप को अपने इरादे से गिराने हेतु सभी प्रयत्न करके देख लिए-धन, वैभव, सुंदर स्त्रियों से निकाह आदि। भाई जी ने नवाब को हुकूमती अत्याचार व घोर अन्याय का सच उसके मुँह पर सुनाने का साहस दिखलाया। नवाब ने जब भाई जी को जबरन मुसलमान बनाने की गीदड़ भभकी दी तो अपने सीधे स्पष्ट लफ्ज़ों में उसे बतला दिया कि कलगीधर पातशाह साहिब श्री गुरु गोबिंद सिंघ जी द्वारा प्रदत्त सिक्खी को ऐसी धमकियों से कोई खतरा नहीं। मैं गुरु जी की कृपा से अपना सिक्ख धर्म केशों-श्वासों सहित निभाऊंगा। नवाब क्रोध की सभी सीमाएं पार कर गया। कहने लगा कि मैं तेरी खोपड़ी को केशों साहित उतरवा दूंगा। जल्लाद मोची ने भाई साहिब की खोपड़ी खुर्पी से केशों सहित उतार दी। आपने इस स्थिति में अपना चित्त नाम-सिमरन में जोड़े रखा। मुख से उफ तक न कहकर अपना सिक्ख सिदक निभा गए। जकरिया खान ऐसी स्थिति में भाई जी को अडोल देखकर हैरान-परेशान हो उठा। उसने भाई जी को लाहौर के दिल्ली दरवाज़े के बाहर स्थित धर्मशाला में भिजवा दिया। वहां 1 सावन, 1802 बिक्रमी को भाई जी शरीर छोड़ गए। ऐसी अडोलता, ऐसा सिक्खी सिदक दिखला गए जो हमारे लिए अनंत काल तक अडोलता व दृढ़ता के गुणों का संचार करने के लिए प्रेरणा-स्रोत बना रहेगा।

यह घटना गहरा आत्मविश्लेषण मांगती है समस्त नानक-नाम लेवा सिक्ख पंथ से कि देखो! भाई तारू सिंघ जी ने केशों सहित खोपरी उतरवानी मंजूर कर ली, लेकिन एक-मात्र केश कटवाना स्वीकार नहीं किया। परंतु आज हम कहां चले गए? हम तो अपने केश कटवा सुंदर सिक्खी स्वरूप स्वयं ही बिगाड़ने के रास्ते पर चल पड़े। गुरु हमारी मदद करे।

❍

# ਕੁਲਵੰਤ ਸਿੰਘ ਗਿੱਲ (ਆਰਟਿਸਟ)

# ਦੇ ਬਣਾਏ ਹੋਏ ਚਿੱਤਰ






# Participation through Pics with banners to launch 'Sikh Pride' website (Read details inside)









Continued from page 3

# East India group




S Gurjit Singh , president gurdwara sahib
S. Singan Singh
from Shillong



S jatinderpal singh Ahluwalia
from Guhati , Assam



S. Dharward singh
from Passighat, Arunachal Pradesh




Kawal Singh Walia
Jaswinder Kaur Walia
from Kolkata West Bengal





Virender Pal Singh
from Patna

# Central and South India group




Kamaljit Kaur
& Ranbir Singh Ahluwalia
from lucknow




S Amarjit Singh
from Trivandrum, kerala




Dr Balbir Singh Sethi
from Hyderabad (presently in USA)



Harpal Singh Walia
from Bangalore



Manjeet Kaur
Kanwaljeet Singh
From Jaipur



Sandeep Singh Sethi
From Chennai, Tamil Nadu



S. UPKAR PREET Singh
from Bhopal



Gurwinder kaur Malhotra
Kuljit singh Malhotra
from Mumbai



Mrs. Rani &
SSS Ahluwalia
from Pune


# Foreign Countries Group



Sahib Singh Khattar
Taranjeet Kaur Khattar
From Hamburg,, Germany



S. Jasbir Singh
from Sydney, Australia



S. Bhupinder Singh
from Holland




Abnash kaur
S. Daljit Singh
from U S A



S. Gurpreet Singh Pall
Ritika Kaur
from Canada



Kanwal Nain Singh
from Auckland New Zealand




Guljit Singh Ahluwalia
Gurinderjit Kaur Ahluwalia
from London



Surinder Singh
Jagtesh Kaur milly
from Australia

Printed by : Jiwan Printers, Asr. Ph. 0183-5011003